@Qpatrika
@qaumipatrika punjabi
instagram.com/qaumipatrika

Largest Circulated

विश्व भर में सबसे ज्यादा पढ़ा जाने वाला

ਕੌਮੀ ਪਤ੍ਰਿਕਾ
Qaumi Patrika NO.1

Punjabi National Daily

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।

Monday, 16 September 2024

VISIT: www.qaumipatrika.org
Email: qpatrika@gmail.com

ਨਵੀਂ ਦਿੱਲੀ: ਸੋਮਵਾਰ 16 ਸਤੰਬਰ 2024, 1 ਅੱਸੂ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81— ਸੰਪਾਦਕ — ਗੁਰਚਰਨ ਸਿੰਘ ਬੱਬਰ — ਸਾਲ — 42, ਅੰਕ 311, qpatrika@gmail.com ਫੋਨ : 9971359517 www.qaumipatrika.org

ਦੋ ਦਿਨ ਬਾਅਦ ਮੁੱਖ ਮੰਤਰੀ ਅਹੁਦੇ ਤੋਂ ਦੇ ਦੇਵਾਂਗਾ ਅਸਤੀਫਾ: ਕੇਜਰੀਵਾਲ

ਸਿੰਮੀ ਕੌਰ ਬੱਬਰ

ਨਵੀਂ ਦਿੱਲੀ 15 ਸਤੰਬਰ। ਆਬਕਾਰੀ ਨੀਤੀ ਘਪਲੇ ਮਾਮਲੇ ਵਿਚ ਸੁਪਰੀਮ ਕੋਰਟ ਤੋਂ ਜਮਾਨਤ ਮਿਲਣ ਦੇ ਦੋ ਦਿਨ ਬਾਅਦ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਐਤਵਾਰ ਨੂੰ ਆਮ ਆਦਮੀ ਪਾਰਟੀ (ਆਪ) ਦੇ ਹੈੱਡਕੁਆਰਟਰ ਪਹੁੰਚੇ, ਜਿੱਥੇ ਉਨ੍ਹਾਂ ਨੇ ਵਰਕਰਾਂ ਨੂੰ ਸੰਬੋਧਿਤ ਕੀਤਾ। ਇਸ ਦੌਰਾਨ ਕੇਜਰੀਵਾਲ ਨੇ ਵੱਡਾ ਐਲਾਨ ਕਰਦਿਆਂ ਕਿਹਾ ਕਿ ਮੈਂ ਦੋ ਦਿਨ ਬਾਅਦ ਮੁੱਖ ਮੰਤਰੀ ਦੇ ਅਹੁਦੇ ਤੋਂ ਅਸਤੀਫਾ ਦੇ ਦੇਵਾਂਗਾ। ਮੈਂ ਮੁੱਖ ਮੰਤਰੀ ਦੀ ਕੁਰਸੀ 'ਤੇ ਉਦੋਂ ਹੀ ਬੈਠਾਂਗਾ, ਜਦੋਂ ਲੋਕ ਮੈਂ ਈਮਾਨਦਾਰੀ ਦਾ ਸਰਟੀਫਿਕੇਟ ਦੇਣਗੇ। ਜਦੋਂ ਤੱਕ ਜਨਤਾ ਆਪਣਾ ਫੈਸਲਾ ਨਹੀਂ ਸੁਣਾ ਦਿੰਦੀ ਕਿ ਕੇਜਰੀਵਾਲ ਈਮਾਨਦਾਰ ਹੈ, ਉਦੋਂ ਤੱਕ ਮੈਂ ਕੁਰਸੀ 'ਤੇ ਨਹੀਂ ਬੈਠਾਂਗਾ। ਜੇਲ੍ਹ ਵਿਚੋਂ ਬਾਹਰ ਆਉਣ ਮਗਰੋਂ ਅਗਨੀ ਪ੍ਰੀਖਿਆ ਦੇਣਾ ਚਾਹੁੰਦਾ ਹਾਂ। ਕੇਜਰੀਵਾਲ ਨੇ ਕਿਹਾ ਕਿ ਮੈਂ ਮੁੱਖ ਮੰਤਰੀ ਅਤੇ ਸਿਸੋਦੀਆ ਉੱਪ ਮੁੱਖ ਮੰਤਰੀ ਉਦੋਂ ਬਣਨਗੇ, ਜਦੋਂ ਲੋਕ ਕਹਿਣਗੇ ਕਿ ਅਸੀਂ ਈਮਾਨਦਾਰ ਹਾਂ। ਕੇਜਰੀਵਾਲ ਨੇ ਕਿਹਾ ਕਿ ਕੁਝ ਲੋਕ ਬੋਲ ਰਹੇ ਹਨ ਕਿ ਸੁਪਰੀਮ ਕੋਰਟ ਨੇ ਕੁਝ ਕੰਡੀਸ਼ਨ ਲਾਈ ਹੈ। ਕੇਂਦਰ ਸਰਕਾਰ ਨੇ ਕਾਨੂੰਨ ਬਣਾ ਕੇ ਮੇਰੇ ਕੰਮ ਬੰਦ ਕਰਨ ਦੀ ਕੋਸ਼ਿਸ਼ ਕੀਤੀ। ਜੇਕਰ ਤੁਹਾਨੂੰ ਲੱਗਦਾ ਹੈ ਕਿ ਕੇਜਰੀਵਾਲ ਈਮਾਨਦਾਰ ਹੈ ਤਾਂ ਮੇਰੇ ਪੱਖ ਵਿਚ ਵੋਟਾਂ ਪਾਓ। ਫਰਵਰੀ ਵਿਚ ਚੋਣਾਂ ਹਨ। ਮੇਰੀ ਮੰਗ ਹੈ ਕਿ ਚੋਣਾਂ ਤੁਰੰਤ ਕਰਵਾਈਆਂ ਜਾਣ। ਨਵੰਬਰ ਵਿਚ ਮਹਾਰਾਸ਼ਟਰ ਨਾਲ ਚੋਣਾਂ ਕਰਵਾਈਆਂ ਜਾਣ। ਨਵੇਂ ਮੁੱਖ ਮੰਤਰੀ ਦੀ ਚੋਣ ਅਗਲੇ 1-2 ਦਿਨ ਵਿਚ ਕੀਤੀ ਜਾਵੇਗੀ। ਮੁੱਖ ਮੰਤਰੀ ਕੇਜਰੀਵਾਲ ਨੇ ਕਿਹਾ ਕਿ ਮਨੀਸ਼ ਸਿਸੋਦੀਆ ਨੇ ਵੀ ਡਿਪਟੀ ਸੀ. ਐੱਮ. ਅਤੇ ਸਿੱਖਿਆ ਮੰਤਰੀ ਦਾ ਅਹੁਦਾ ਉਦੋਂ ਤੱਕ ਨਹੀਂ ਸੰਭਾਲਣਗੇ, ਜਦੋਂ ਤੱਕ ਜਨਤਾ ਦੀ ਅਦਾਲਤ ਤੋਂ ਚੁਣ ਕੇ ਨਹੀਂ ਆ ਜਾਂਦੇ। ਇਸ ਦੌਰਾਨ ਕੇਜਰੀਵਾਲ ਨੇ ਕਿਹਾ ਕਿ ਸਤੇਂਦਰ ਜੈਨ, ਅਮਾਨਤੁੱਲਾ ਖਾਨ ਵੀ ਜਲਦੀ ਹੀ ਬਾਹਰ ਆਉਣਗੇ। ਦਿੱਲੇ ਦੇ ਲੋਕਾਂ ਨੇ ਸਾਡੀ ਲਈ ਪ੍ਰਾਰਥਨਾ ਕੀਤੀ, ਮੈਂ ਉਨ੍ਹਾਂ ਨੂੰ ਧੰਨਵਾਦ ਦਿੰਦਾ ਹਾਂ। ਆਪਣੇ ਸੰਬੋਧਨ ਦੌਰਾਨ ਕੇਜਰੀਵਾਲ ਨੇ ਕਿਹਾ ਕਿ ਉਨ੍ਹਾਂ ਦੀ ਛੋਟੀ ਜਿਹੀ ਪਾਰਟੀ ਨੇ ਦੇਸ਼ ਦੀ ਸਿਆਸਤ ਬਦਲ ਦਿੱਤੀ। ਜੇਲ੍ਹ ਵਿਚ ਸੋਚਣ ਦਾ ਸਮਾਂ ਮਿਲਿਆ। ਮੈਂ ਜੇਲ੍ਹ ਤੋਂ ਇਕ ਹੀ ਚਿੱਠੀ ਲਿਖੀ ਸੀ, ਉਹ ਵੀ ਐੱਲ. ਜੀ. ਸਾਬ੍ਹ ਨੂੰ। 15 ਅਗਸਤ ਸੀ, ਆਜਾਦੀ ਦਿਹਾੜੇ ਮੌਕੇ ਮੁੱਖ ਮੰਤਰੀ ਝੰਡਾ ਲਹਿਰਾਉਂਦੇ ਹਨ। ਮੈਂ ਕਿਹਾ ਕਿ ਆਤਿਸ਼ੀ ਜੀ ਨੂੰ ਝੰਡਾ ਲਹਿਰਾਉਣ ਦੀ ਇਜਾਜਤ ਦਿੱਤੀ ਗਈ। ਉਹ ਚਿੱਠੀ ਵਾਪਸ ਕਰ ਦਿੱਤੀ ਗਈ ਅਤੇ ਮੈਨੂੰ ਵਾਰਨਿੰਗ ਦਿੱਤੀ ਗਈ ਕਿ ਦੂਜੀ ਵਾਰ ਜੇਕਰ ਚਿੱਠੀ ਲਿਖੀ ਤਾਂ ਤੁਹਾਨੂੰ ਤੁਹਾਡੇ ਪਰਿਵਾਰ ਨਾਲ ਵੀ ਮੁਲਾਕਾਤ ਨਹੀਂ ਕਰਨ ਦਿੱਤੀ ਜਾਵੇਗੀ। ਮਨੀਸ਼ ਸਿਸੋਦੀਆ ਜੇਲ੍ਹ ਗਏ ਪਰ ਮੈਨੂੰ ਅਤੇ ਸਿਸੋਦੀਆ ਨੂੰ ਵੱਖ-ਵੱਖ ਜੇਲ੍ਹ ਵਿਚ ਰੱਖਿਆ ਗਿਆ। ਜਦੋਂ ਮੈਂ ਜੇਲ੍ਹ ਵਿਚ ਸੀ ਤਾਂ ਇਕ ਦਿਨ ਸੰਦੀਪ ਪਾਠਕ ਮੈਨੂੰ ਮਿਲਣ ਆਏ, ਉਹ ਸਾਡੀ ਪਾਰਟੀ ਦੇ ਜਨਰਲ ਸਕੱਤਰ ਹਨ। ਉਹ ਆ ਕੇ ਮੇਰੇ ਨਾਲ ਗੱਲ ਕਰਨ ਲੱਗੇ, ਸੁਭਾਵਿਕ ਹੈ ਉਹ ਰੋਮਾਂਟਿਕ ਗੱਲਾਂ ਤਾਂ ਕਰਨਗੇ ਨਹੀ, ਸਿਆਸਤ ਦੀਆਂ ਗੱਲਾਂ ਹੀ ਕਰਨਗੇ। ਬਾਅਦ ਵਿਚ ਉਨ੍ਹਾਂ ਨੂੰ ਜੇਲ੍ਹ ਨੇ ਬਲੈਕਲਿਸਟ ਕਰ ਦਿੱਤਾ। ਕੇਜਰੀਵਾਲ ਨੇ ਮੋਦੀ ਸਰਕਾਰ ਨੂੰ ਨਿਸ਼ਾਨੇ 'ਤੇ ਲਿਆ ਅਤੇ ਕਿਹਾ ਕਿ ਇਨ੍ਹਾਂ ਨੇ ਮੈਨੂੰ ਜੇਲ੍ਹ ਕਿਉਂ ਭੇਜਿਆ, ਅਜਿਹਾ ਨਹੀਂ ਕਿ ਕੇਜਰੀਵਾਲ ਨੇ ਭ੍ਰਿਸ਼ਟਾਚਾਰ ਕੀਤਾ। ਇਨ੍ਹਾਂ ਦਾ ਮਕਸਦ ਸੀ ਆਮ ਆਦਮੀ ਪਾਰਟੀ ਨੂੰ ਤੋੜਨਾ, ਕੇਜਰੀਵਾਲ ਨੂੰ ਤੋੜਨਾ। ਇਨ੍ਹਾਂ ਦਾ ਫਾਰਮੂਲਾ ਹੈ ਕਿ ਪਾਰਟੀ ਤੋੜ ਦਿਓ, ਵਿਧਾਇਕ ਤੋੜ ਦਿਓ, ਈਡੀ ਦੀ ਛਾਪੇਮਾਰੀ ਕਰਵਾ ਦਿਓ। ਇਨ੍ਹਾਂ ਨੂੰ ਲੱਗ ਰਿਹਾ ਸੀ ਕਿ ਕੇਜਰੀਵਾਲ ਨੂੰ ਜੇਲ੍ਹ ਵਿਚ ਬੰਦ ਕਰ ਕੇ ਪਾਰਟੀ ਤੋੜ ਦਿਆਂਗੇ। ਮੁੱਖ ਮੰਤਰੀ ਨੇ ਕਿਹਾ ਕਿ ਮੈਂ ਅਸਤੀਫਾ ਇਸ ਲਈ ਨਹੀਂ ਦਿੱਤਾ ਕਿਉਂਕਿ ਮੈਂ ਦੇਸ਼ ਦੇ ਜਨਤੰਤਰ ਨੂੰ ਬਚਾਉਣਾ ਚਾਹੁੰਦਾ ਹਾਂ। ਜੇਕਰ ਮੈਂ ਅਸਤੀਫਾ ਦੇ ਦਿੰਦਾ ਤਾਂ ਇਹ ਇਕ-ਇਕ ਕਰ ਕੇ ਸਾਰਿਆਂ ਨੂੰ ਜੇਲ੍ਹ ਵਿਚ ਸੁੱਟ ਦੇਣਗੇ ਕਿਉਂਕਿ ਮਮਤਾ ਦੀਦੀ, ਪਿਨਾਰਾਈ ਵਿਜਯਨ ਸਾਰਿਆਂ ਖਿਲਾਫ ਕੇਸ ਕੀਤਾ ਹੋਇਆ ਹੈ। ਅੱਜ ਉਨ੍ਹਾਂ ਦੀ ਹਰ ਸਾਜ਼ਿਸ਼ ਨਾਲ ਮੁਕਾਬਲਾ ਕਰਨ ਦੀ ਤਾਕਤ ਆਮ ਆਦਮੀ ਪਾਰਟੀ ਵਿਚ ਹੈ, ਕਿਉਂਕਿ ਅਸੀਂ ਈਮਾਨਦਾਰ ਹਾਂ।

ਭਾਜਪਾ ਨੂੰ ਵੱਡਾ ਝਟਕਾ, ਕਰਨਦੇਵ ਕੰਬੋਜ ਕਾਂਗਰਸ 'ਚ ਹੋਏ ਸ਼ਾਮਲ

ਹਰਿਆਣਾ 15 ਸਤੰਬਰ। ਭਾਜਪਾ ਦੀ ਹਰਿਆਣਾ ਇਕਾਈ ਦੇ ਨੇਤਾ ਅਤੇ ਸਾਬਕਾ ਮੰਤਰੀ ਕਰਨਦੇਵ ਕੰਬੋਜ ਪਾਰਟੀ ਛੱਡ ਕੇ ਕਾਂਗਰਸ 'ਚ ਸ਼ਾਮਲ ਹੋ ਗਏ। ਕੰਬੋਜ ਨੇ ਅਗਲੇ ਮਹੀਨੇ ਹੋਣ ਵਾਲੀਆਂ ਹਰਿਆਣਾ ਵਿਧਾਨ ਸਭਾ ਚੋਣਾਂ ਲਈ ਟਿਕਟ ਨਾ ਮਿਲਣ ਤੋਂ ਬਾਅਦ ਹਾਲ ਹੀ 'ਚ ਭਾਜਪਾ ਦੀ ਪ੍ਰਦੇਸ਼ ਇਕਾਈ ਦੇ ਹੋਰ ਪਿਛੜਾ ਵਰਗ (ਓ.ਬੀ.ਸੀ.) ਮੋਰਚਾ ਦੇ ਮੁਖੀ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਸੀ। ਕੰਬੋਜ ਰਾਦੌਰ ਜਾਂ ਇੰਦਰੀ ਸੀਟ ਤੋਂ ਟਿਕਟ ਚਾਹੁੰਦੇ ਸਨ। ਇੱਥੇ ਜਾਰੀ ਇਕ ਬਿਆਨ 'ਚ ਕਿਹਾ ਗਿਆ ਕਿ ਉਹ ਸਾਬਕਾ ਮੁੱਖ ਮੰਤਰੀ ਭੂਪਿੰਦਰ ਸਿੰਘ ਹੁੱਡਾ ਅਤੇ ਪ੍ਰਦੇਸ਼ ਕਾਂਗਰਸ ਮੁਖੀ ਉਦੇਭਾਨ ਦੀ ਮੌਜੂਦਗੀ 'ਚ ਕਾਂਗਰਸ 'ਚ ਸ਼ਾਮਲ ਹੋਏ। ਕੰਬੋਜ ਨੇ ਪਿਛਲੇ ਹਫਤੇ ਦਾਅਵਾ ਕੀਤਾ ਸੀ ਕਿ ਭਾਜਪਾ ਨੇ ਪਾਰਟੀ 'ਚ ਨਵੇਂ-ਨਵੇਂ ਸ਼ਾਮਲ ਹੋਏ ਕਈ ਲੋਕਾਂ ਅਤੇ ਦਲ ਬਦਲੂਆਂ ਨੂੰ ਟਿਕਟ ਦਿੱਤਾ ਹੈ, ਜਦੋਂ ਕਿ ਉਨ੍ਹਾਂ ਲੋਕਾਂ ਦੀ ਅਣਦੇਖੀ ਕੀਤੀ ਹੈ, ਜੋ ਸਾਲਾਂ ਤੋਂ ਕੰਮ ਕਰ ਰਹੇ ਸਨ। ਹਰਿਆਣਾ ਦੀਆਂ 90 ਵਿਧਾਨ ਸਭਾ ਸੀਟਾਂ ਲਈ ਵੋਟਿੰਗ 5 ਅਕਤੂਬਰ ਨੂੰ ਹੋਵੇਗੀ ਅਤੇ ਵੋਟਾਂ ਦੀ ਗਿਣਤੀ 8 ਅਕਤੂਬਰ ਨੂੰ ਹੋਵੇਗੀ।

ਸਿੱਖ ਵਿਰੋਧੀ ਦੰਗਿਆਂ ਦਾ ਮਾਮਲਾ: ਦਿੱਲੀ ਦੀ ਅਦਾਲਤ ਨੇ ਟਾਈਟਲਰ ਖਿਲਾਫ ਤੈਅ ਕੀਤੇ ਕਤਲ ਦੇ ਦੋਸ਼

ਨਵੀਂ ਦਿੱਲੀ 15 ਸਤੰਬਰ। ਦਿੱਲੀ ਦੀ ਇੱਕ ਅਦਾਲਤ ਨੇ 1984 ਦੇ ਸਿੱਖ ਵਿਰੋਧੀ ਦੰਗਿਆਂ ਦੇ ਇੱਕ ਮਾਮਲੇ ਵਿੱਚ ਕਾਂਗਰਸੀ ਆਗੂ ਜਗਦੀਸ ਟਾਈਟਲਰ ਵਿਰੁੱਧ ਕਤਲ ਅਤੇ ਹੋਰ ਅਪਰਾਧਾਂ ਦੇ ਦੋਸ ਤੈਅ ਕੀਤੇ ਹਨ। ਟਾਈਟਲਰ ਨੇ ਅਪਰਾਧਾਂ ਨੂੰ ਕਬੂਲ ਨਹੀਂ ਕੀਤਾ, ਜਿਸ ਤੋਂ ਬਾਅਦ ਵਿਸੇਸ ਜੱਜ ਰਾਕੇਸ ਸਿਆਲ ਨੇ ਉਸ 'ਤੇ ਮੁਕੱਦਮਾ ਚਲਾਉਣ ਦੇ ਨਿਰਦੇਸ਼ ਦਿੱਤੇ। ਜੱਜ ਨੇ 30 ਅਗਸਤ ਨੂੰ ਕਿਹਾ ਸੀ ਕਿ ਦੋਸੀਆਂ ਖ਼ਿਲਾਫ ਕਾਰਵਾਈ ਅੱਗੇ ਵਧਾਉਣ ਦੇ ਕਾਫੀ ਆਧਾਰ ਹਨ। ਇੱਕ ਗਵਾਹ ਨੇ ਪਹਿਲੇ ਦੋਸ਼ ਪੱਤਰ ਵਿਚ ਕਿਹਾ ਸੀ ਕਿ ਟਾਈਟਲਰ 1

ਨਵੰਬਰ 1984 ਨੂੰ ਗੁਰਦੁਆਰਾ ਪੁਲ ਬੰਗਸ ਦੇ ਸਾਹਮਣੇ ਆਪਣੀ ਚਿੱਟੇ ਰੰਗ ਦੀ ਐਂਬੈਸਡਰ ਕਾਰ ਵਿੱਚੋਂ ਉਤਰਿਆ ਸੀ। ਉਸ ਨੇ ਉਸ ਸਮੇਂ ਭੀੜ ਨੂੰ ਇਹ ਕਹਿ ਕੇ ਭੜਕਾਇਆ ਸੀ ਕਿ ਸਿੱਖਾਂ ਨੂੰ ਮਾਰੋ, ਉਨ੍ਹਾਂ ਨੇ ਸਾਡੀਆਂ ਮਾਵਾਂ ਨੂੰ ਮਾਰਿਆ ਹੈ। ਇਸ ਤੋਂ ਬਾਅਦ ਤਿੰਨ ਲੋਕਾਂ ਦਾ 'ਕਤਲ' ਕਰ ਦਿੱਤਾ ਗਿਆ। ਅਦਾਲਤ ਨੇ ਗੈਰਕਾਨੂੰਨੀ ਤਰੀਕੇ ਨਾਲ ਜਮ੍ਹਾ ਹੋਣ, ਦੰਗੇ ਭੜਕਾਉਣ, ਵੱਖ-ਵੱਖ ਸਮੂਹਾਂ ਵਿਚਕਾਰ ਦੁਸਮਣੀ ਵਧਾਉਣ, ਘਰਾਂ ਨੂੰ ਤੋੜਨ ਅਤੇ ਚੋਰੀ ਸਮੇਤ ਵੱਖ-ਵੱਖ ਅਪਰਾਧਾਂ ਲਈ ਦੋਸ ਤੈਅ ਕਰਨ ਦਾ ਹੁਕਮ ਦਿੱਤਾ।

ਅੰਦੋਲਨਕਾਰੀ ਡਾਕਟਰਾਂ ਨੇ ਰਾਸ਼ਟਰਪਤੀ ਮੁਰਮੂ ਤੇ ਪ੍ਰਧਾਨ ਮੰਤਰੀ ਮੋਦੀ ਨੂੰ ਲਿਖੀ ਚਿੱਠੀ

ਕੋਲਕਾਤਾ 15 ਸਤੰਬਰ। ਪੱਛਮੀ ਬੰਗਾਲ 'ਚ ਅੰਦੋਲਨਕਾਰੀ ਜੂਨੀਅਰ ਡਾਕਟਰਾਂ ਨੇ ਰਾਸ਼ਟਰਪਤੀ ਦ੍ਰੋਪਦੀ ਮੁਰਮੂ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਚਿੱਠੀ ਲਿਖ ਕੇ ਆਰ ਜੀ ਕਰ ਹਸਪਤਾਲ ਗਤੀਰੋਧ ਮਾਮਲੇ 'ਚ ਦਖਲਅੰਦਾਜੀ ਕਰਨ ਦੀ ਅਪੀਲ ਕੀਤੀ ਹੈ। ਪੱਛਮੀ ਬੰਗਾਲ ਜੂਨੀਅਰ ਡਾਕਟਰਜ ਫਰੰਟ ਵਲੋਂ ਲਿਖੀ ਗਈ ਚਾਰ ਪੰਨਿਆਂ ਦੀ ਚਿੱਠੀ ਦੀਆਂ ਕਾਪੀਆਂ ਉੱਪ ਰਾਸ਼ਟਰਪਤੀ ਜਗਦੀਪ ਧਨਖੜ ਅਤੇ ਕੇਂਦਰੀ ਸਿਹਤ ਮੰਤਰੀ ਜੇ.ਪੀ. ਨੱਢਾ ਨੂੰ ਵੀ ਭੇਜੀਆਂ ਗਈਆਂ ਹਨ। ਜੂਨੀਅਰ ਡਾਕਟਰਾਂ ਨੇ ਆਪਣੀ ਹੜਤਾਲ 9 ਅਗਸਤ ਨੂੰ ਸ਼ੁਰੂ ਕੀਤੀ ਸੀ, ਉਦੋਂ ਹਸਪਤਾਲ ਦੇ ਸੈਮੀਨਾਰ ਰੂਮ 'ਚ ਇਕ ਮਹਿਲਾ ਡਾਕਟਰ ਦੀ ਲਾਸ਼ ਮਿਲੀ ਸੀ। ਉਸ ਦਾ ਜਬਰ ਜ਼ਿਨਾਹ ਕਰਨ ਤੋਂ ਬਾਅਦ ਕਤਲ ਕਰ ਦਿੱਤਾ ਗਿਆ ਸੀ। ਉਦੋਂ ਤੋਂ ਜੂਨੀਅਰ ਡਾਕਟਰਾਂ ਨੇ 'ਕੰਮ ਬੰਦ' ਕੀਤਾ ਹੋਇਆ ਹੈ। ਉਨ੍ਹਾਂ ਨੇ ਚਿੱਠੀ 'ਚ ਲਿਖਿਆ ਹੈ,"ਦੇਸ਼ ਦੇ ਮੁਖੀ ਹੋਣ ਦੇ ਨਾਤੇ ਅਸੀਂ ਇਨ੍ਹਾਂ ਮੁੱਦਿਆਂ ਨੂੰ ਤੁਹਾਡੇ ਸਾਹਮਣੇ ਰੱਖਦੇ ਹਾਂ ਤਾਂ ਕਿ ਸਾਡੀ ਉਸ ਸਹਿਯੋਗੀ ਨੂੰ ਨਿਆਂ ਮਿਲੇ, ਜਿਸ ਨਾਲ ਬੇਹੱਦ ਘਿਨਾਉਣਾ ਅਪਰਾਧ ਹੋਇਆ ਅਤੇ ਅਸੀਂ, ਪੱਛਮੀ ਬੰਗਾਲ ਸਿਹਤ ਵਿਭਾਗ ਦੇ ਅਧੀਨ ਸਿਹਤ ਸੇਵਾ ਪੇਸ਼ੇਵਰ, ਬਿਨਾਂ ਕਿਸੇ ਡਰ ਅਤੇ ਸ਼ੱਕ ਦੇ ਜਨਤਾ ਦੇ ਪ੍ਰਤੀ ਆਪਣੇ ਕਰਤੱਵਾਂ ਦੀ ਪਾਲਣਾ ਕਰ ਸਕੀਏ।" ਉਨ੍ਹਾਂ ਲਿਖਿਆ,"ਇਸ ਕਠਿਨ ਸਮੇਂ 'ਚ ਤੁਹਾਡੀ ਦਖਲਅੰਦਾਜੀ ਸਾਡੇ ਸਾਰਿਆਂ ਲਈ ਰੋਸ਼ਨੀ ਦੀ ਕਿਰਨ ਦੀ ਤਰ੍ਹਾਂ ਹੋਵੇਗੀ, ਜੋ ਸਾਨੂੰ ਸਾਡੇ ਚਾਰੇ ਪਾਸੇ ਹਨ੍ਹੇਰੇ ਤੋਂ ਬਾਹਰ ਕੱਢਣ ਦਾ ਰਸਤਾ ਦਿਖਾਏਗੀ।" ਅੰਦੋਲਨਕਾਰੀ ਡਾਕਟਰਾਂ 'ਚ ਸ਼ਾਮਲ ਅਨਿਕੇਤ ਮਹਿਤੋ ਨੇ ਦੱਸਿਆ ਕਿ ਚਿੱਠੀ ਦਾ ਮਸੌਦਾ ਇਸ ਮਹੀਨੇ ਦੀ ਸ਼ੁਰੂਆਤ 'ਚ ਤਿਆਰ ਕੀਤਾ ਗਿਆ ਸੀ ਅਤੇ ਇਸ ਨੂੰ ਵੀਰਵਾਰ ਰਾਤ ਭੇਜਿਆ ਗਿਆ ਸੀ।

ਸੁਪਰੀਮ ਕੋਰਟ ਨੇ ਆਗਰਾ ਨੂੰ 'ਵਿਰਾਸਤ ਸ਼ਹਿਰ' ਐਲਾਨਣ ਵਾਲੀ ਪਟੀਸ਼ਨ ਕੀਤੀ ਖਾਰਜ

ਨਵੀਂ ਦਿੱਲੀ 15 ਸਤੰਬਰ। ਸੁਪਰੀਮ ਕੋਰਟ ਨੇ ਆਗਰਾ ਨੂੰ 'ਵਿਰਾਸਤ ਸਹਿਰ' ਐਲਾਨਣ ਦੀ ਮੰਗ ਕਰਨ ਵਾਲੀ ਪਟੀਸਨ ਨੂੰ ਰੱਦ ਕਰ ਦਿੱਤਾ ਅਤੇ ਕਿਹਾ ਕਿ ਪਟੀਸਨ 'ਚ ਅਜਿਹਾ ਕੁਝ ਵੀ ਨਹੀਂ ਹੈ, ਜਿਸ ਦੇ ਆਧਾਰ 'ਤੇ ਇਹ ਕਿਹਾ ਜਾ ਸਕੇ ਕਿ ਇਸ ਤਰ੍ਹਾਂ ਦੇ ਐਲਾਨ ਨਾਲ ਸਹਿਰ ਨੂੰ ਕੋਈ ਵਿਸੇਸ ਦਰਜਾ ਮਿਲੇਗਾ। ਜਸਟਿਸ ਅਭੈ ਐੱਸ ਓਕਾ ਅਤੇ ਉਜਵਲ ਭੂਯਾਨ ਦੀ ਬੈਂਚ ਨੇ ਤਾਜ ਮਹਿਲ ਅਤੇ ਇਸ ਦੇ ਆਸਪਾਸ ਦੇ ਖੇਤਰਾਂ ਦੀ ਸੁਰੱਖਿਆ ਅਤੇ ਸੰਭਾਲ ਬਾਰੇ 1984 ਵਿੱਚ ਦਾਇਰ ਜਨਹਿਤ ਪਟੀਸਨ ਨੂੰ ਰੱਦ ਕਰ ਦਿੱਤਾ। ਬੈਂਚ ਨੇ ਆਪਣੇ ਆਦੇਸ ਵਿੱਚ ਕਿਹਾ, "ਪਟੀਸਨ ਵਿੱਚ ਅਜਿਹਾ ਕੁਝ ਵੀ ਨਹੀਂ ਦਿਖਾਇਆ ਗਿਆ, ਜਿਸ ਨਾਲ ਇਹ ਪਤਾ ਲੱਗ ਸਕੇ ਕਿ ਇਸ ਨਾਲ ਸਹਿਰ ਨੂੰ ਕੋਈ ਵਿਸੇਸ ਲਾਭ ਮਿਲੇਗਾ। ਇਹ ਅਦਾਲਤ ਇਸ ਤਰ੍ਹਾਂ ਦੇ ਐਲਾਨ ਦੀ ਇਜਾਜਤ ਨਹੀਂ ਦੇ ਸਕਦੀ। ਪਟੀਸਨ ਖਾਰਜ ਕਰ ਦਿੱਤੀ ਜਾਂਦੀ ਹੈ।" ਸੁਣਵਾਈ ਦੌਰਾਨ ਬੈਂਚ ਨੇ ਵਕੀਲ ਨੂੰ ਪੁੱਛਿਆ ਕਿ ਜੇਕਰ ਸਹਿਰ ਨੂੰ 'ਵਿਰਾਸਤੀ ਸਹਿਰ' ਦਾ ਦਰਜਾ ਮਿਲ ਜਾਂਦਾ ਹੈ ਤਾਂ ਇਸ ਦਾ ਕੀ ਫਾਇਦਾ ਹੋਵੇਗਾ ਅਤੇ ਅਜਿਹੀ ਘੋਸਣਾ ਲਈ ਕਾਨੂੰਨ ਤਹਿਤ ਕੀ ਵਿਵਸਥਾ ਹੈ। ਵਕੀਲ ਨੇ ਕਿਹਾ ਕਿ ਆਗਰਾ ਨੂੰ ਵਿਰਾਸਤੀ ਸਹਿਰ ਐਲਾਨੇ ਜਾਣ ਦੀ ਲੋੜ ਹੈ, ਕਿਉਂਕਿ ਇਸ ਦਾ 1,000 ਸਾਲ ਪੁਰਾਣਾ ਇਤਿਹਾਸ ਹੈ ਅਤੇ ਇਸ ਵਿੱਚ ਕਈ ਇਤਿਹਾਸਕ ਵਿਰਾਸਤੀ ਥਾਵਾਂ ਹਨ, ਜਿਨ੍ਹਾਂ ਨੂੰ ਸੰਭਾਲਣ ਦੀ ਲੋੜ ਹੈ। ਵਕੀਲ ਨੇ ਕਿਹਾ, "ਆਗਰਾ ਨੂੰ ਵਿਰਾਸਤੀ ਸਹਿਰ ਘੋਸ਼ਿਤ ਕਰਨ ਨਾਲ ਸੈਰ-ਸਪਾਟੇ ਨੂੰ ਹੁਲਾਰਾ ਮਿਲੇਗਾ, ਰੁਜਗਾਰ ਪੈਦਾ ਕਰਨ ਵਿੱਚ ਮਦਦ ਮਿਲੇਗੀ ਅਤੇ ਖੇਤਰ ਦੀ ਸਾਂਭ ਸੰਭਾਲ ਹੋਵੇਗੀ।" ਜਸਟਿਸ ਓਕਾ ਨੇ ਕਿਹਾ, "ਆਗਰਾ ਸਹਿਰ ਨੂੰ ਵਿਰਾਸਤੀ ਸਹਿਰ ਐਲਾਨਣ ਦਾ ਕੀ ਫਾਇਦਾ ਹੋਵੇਗਾ? ਕੀ ਇਸ ਐਲਾਨ ਨਾਲ ਆਗਰਾ ਸਾਫ-ਸੁਥਰਾ ਹੋ ਜਾਵੇਗਾ?

ਪੰਜਾਬ ਸਰਕਾਰ ਦੀ ਕੋਸ਼ਿਸ਼ ਲਿਆਈ ਰੰਗ, ਕੀਮਤੀ ਜਾਨਾਂ ਬਚਾ ਰਹੀ ਸੜਕ ਸੁਰੱਖਿਆ ਫੋਰਸ

ਏਜੰਸੀਆਂ

ਜਲੰਧਰ 15 ਸਤੰਬਰ। ਕਈ ਕੀਮਤੀ ਜਾਨਾਂ ਬਚਾਉਣ ਲਈ ਪੰਜਾਬ ਸਰਕਾਰ ਨੇ ਆਪਣੀ ਵਚਨਬੱਧਤਾ ਨੂੰ ਹੋਰ ਮਜਬੂਤ ਕਰਦੇ ਹੋਏ ਪੰਜਾਬ ਵਿਚ ਸੜਕ ਸੁਰੱਖਿਆ ਫੋਰਸ ਦਾ ਗਠਨ ਕੀਤਾ। ਸੜਕ ਸੁਰੱਖਿਆ ਫੋਰਸ ਦੇ ਗਠਨ ਤੋਂ ਲੈ ਕੇ 4100 ਕਿਲੋਮੀਟਰ ਹਾਈਵੇਅ 'ਤੇ ਕੰਮ ਕਰਦੇ ਹੋਏ ਫੋਰਸ ਬਹੁਤ ਸਾਰੇ ਲੋਕਾਂ ਦੀਆਂ ਜਾਨਾਂ ਬਚਾਈਆਂ ਹਨ। ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ ਸੜਕ ਸੁਰੱਖਿਆ ਫੋਰਸ ਪੰਜਾਬ ਵਿਚ ਵਰਦਾਨ ਸਾਬਤ ਹੋ ਰਹੀ ਹੈ। ਹਾਦਸਿਆਂ ਦਾ ਸ਼ਿਕਾਰ ਹੋਣ ਵਾਲੇ ਕਈ ਕੀਮਤੀ ਲੋਕਾਂ ਦੀਆਂ ਜਾਨਾਂ ਸੜਕ ਸੁਰੱਖਿਆ ਫੋਰਸ ਦੇ ਤਹਿਤ ਬੱਚ ਰਹੀਆਂ ਹਨ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸੂਬੇ 'ਚ ਕਾਨੂੰਨ ਵਿਵਸਥਾ

ਕਾਲੋਨਾਈਜਰਾਂ ਨੇ ਨਾਜਾਇਜ ਕਾਲੋਨੀਆਂ ਕੱਟਣ ਦਾ ਢੰਗ ਬਦਲਿਆ

ਜਲੰਧਰ 15 ਸਤੰਬਰ। ਜਲੰਧਰ ਵਿਚ ਪਿਛਲੇ ਲੰਮੇ ਸਮੇਂ ਤੋਂ ਨਾਜਾਇਜ ਕਾਲੋਨੀਆਂ ਕੱਟੀਆਂ ਜਾ ਰਹੀਆਂ ਹਨ, ਜਿਨ੍ਹਾਂ ਨੇ ਸ਼ਹਿਰ ਦੀ ਸ਼ਕਲ ਹੀ ਵਿਗਾੜ ਕੇ ਰੱਖ ਦਿੱਤੀ ਹੈ। ਜਦੋਂ ਅਕਾਲੀ-ਭਾਜਪਾ ਦੀ ਸਰਕਾਰ ਸੀ ਅਤੇ ਉਸ ਤੋਂ ਬਾਅਦ ਜਦੋਂ ਕਾਂਗਰਸ ਆਈ, ਉਦੋਂ ਕਾਲੋਨਾਈਜਰਾਂ ਦੀ ਖੂਬ ਮੌਜ ਲੱਗੀ ਰਹੀ ਅਤੇ ਇਸ ਕਾਰਜਕਾਲ ਦੌਰਾਨ ਸ਼ਹਿਰ ਵਿਚ 1000 ਤੋਂ ਵੀ ਵਧੇਰੇ ਨਾਜਾਇਜ ਕਾਲੋਨੀਆਂ ਕੱਟ ਦਿੱਤੀਆਂ ਗਈਆਂ। ਹੁਣ ਆਮ ਆਦਮੀ ਪਾਰਟੀ ਦੀ ਸਰਕਾਰ ਆਇਆਂ ਵੀ 2 ਸਾਲ ਤੋਂ ਵਧੇਰੇ ਸਮਾਂ ਹੋ ਚੁੱਕਾ ਹੈ ਪਰ ਨਾਜਾਇਜ ਕਾਲੋਨੀਆਂ ਦਾ ਕੰਮ ਰੁਕਣ ਦਾ ਨਾਂ ਨਹੀਂ ਲੈ ਰਿਹਾ। ਭਾਵੇਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਨਾਜਾਇਜ ਕਾਲੋਨੀਆਂ 'ਤੇ ਸਖਤ ਕਾਰਵਾਈ ਕਰਨ ਦੇ ਹੁਕਮ ਦੇ ਰੱਖੇ ਹਨ ਪਰ ਜਲੰਧਰ ਵਿਚ ਮੁੱਖ ਮੰਤਰੀ ਦੇ ਹੁਕਮਾਂ 'ਤੇ ਰੱਤੀ ਭਰ ਵੀ ਅਮਲ ਨਹੀਂ ਹੋ ਰਿਹਾ। ਨਾਜਾਇਜ ਕਾਲੋਨੀਆਂ ਦੇ ਮਾਮਲੇ ਵਿਚ ਜਿਥੇ ਜਲੰਧਰ ਨਿਗਮ ਦੇ ਅਧਿਕਾਰੀ ਲਾਪ੍ਰਵਾਹ ਬਣੇ ਹੋਏ ਹਨ, ਉਥੇ ਹੀ ਕਾਲੋਨਾਈਜਰਾਂ ਨੇ ਵੀ ਨਾਜਾਇਜ ਕਾਲੋਨੀਆਂ ਕੱਟਣ ਦਾ ਢੰਗ ਬਦਲ ਲਿਆ ਹੈ। ਪਹਿਲਾਂ ਇਹ ਕਾਲੋਨਾਈਜਰ ਜਮੀਨ ਆਦਿ ਖਰੀਦ ਕਰਕੇ ਉਸ ਵਿਚ ਸੜਕਾਂ ਆਦਿ ਬਣਾ ਲੈਂਦੇ ਸਨ ਅਤੇ ਵਧੇਰੇ ਮਾਮਲਿਆਂ 'ਚ ਸੀਵਰ ਲਾਈਨ ਅਤੇ ਸਟਰੀਟ ਲਾਈਟਾਂ ਤਕ ਲਗਾ ਦਿੱਤੀਆਂ

ਜਾਂਦੀਆਂ ਸਨ, ਜਿਸ ਤੋਂ ਬਾਅਦ ਪਲਾਟਿੰਗ ਹੁੰਦੀ ਸੀ ਅਤੇ ਨਾਜਾਇਜ ਕਾਲੋਨੀ ਦੇ ਪਲਾਟ ਡੀਲਰਾਂ ਵੱਲੋਂ ਵੇਚੇ ਜਾਂਦੇ ਸਨ। ਜਦੋਂ ਇਸ ਮਾਮਲੇ ਵਿਚ ਸ਼ਿਕਾਇਤਾਂ ਆਦਿ ਦਾ ਦੌਰ ਸ਼ੁਰੂ ਹੋਇਆ ਤਾਂ ਕਾਲੋਨਾਈਜਰਾਂ ਨੇ ਵੀ ਆਪਣੇ ਪੁਰਾਣੇ ਢੰਗ ਨੂੰ ਬਦਲ ਲਿਆ। ਹੁਣ ਨਾਜਾਇਜ ਕਾਲੋਨੀਆਂ ਕੱਟਣ ਵਾਲੇ ਕਾਲੋਨਾਈਜਰ ਕਿਸੇ ਵੀ ਜਮੀਨ ਨੂੰ ਖਰੀਦ ਕੇ ਉਥੇ ਕੁਝ ਵੀ ਡਿਵੈੱਲਪ ਨਹੀਂ ਕਰਦੇ, ਸਗੋਂ 2-2, 4-4 ਮਰਲੇ ਦੀਆਂ ਕੋਠੀਆਂ ਦਾ ਨਿਰਮਾਣ ਸ਼ੁਰੂ ਕਰ ਦਿੰਦੇ ਹਨ। ਵਧੇਰੇ ਮਾਮਲਿਆਂ ਵਿਚ ਇਹ ਕੋਠੀਆਂ ਅਤੇ ਨਿਰਮਾਣ ਬਿਨਾਂ ਨਕਸ਼ਾ ਪਾਸ ਕਰਵਾਏ ਕੀਤੇ ਜਾਂਦੇ ਹਨ। ਕਈ ਮਾਮਲਿਆਂ ਵਿਚ ਤਾਂ ਅਜਿਹਾ ਹੁੰਦਾ ਹੈ ਕਿ ਜੇਕਰ ਇਕ ਲਾਈਨ ਵਿਚ 10 ਜਾਂ 20 ਕੋਠੀਆਂ ਬਣ ਰਹੀਆਂ ਹਨ ਤਾਂ ਉਨ੍ਹਾਂ ਵਿਚੋਂ 4-6 ਦਾ ਨਕਸ਼ਾ ਪਾਸ ਕਰਵਾ ਲਿਆ ਜਾਂਦਾ ਹੈ ਅਤੇ ਸਰਕਾਰੀ ਅਧਿਕਾਰੀਆਂ ਦੇ ਆਉਣ 'ਤੇ ਇਕ ਹੀ ਨਕਸ਼ੇ ਨੂੰ ਵਾਰ-ਵਾਰ ਦਿਖਾ ਦਿੱਤਾ ਜਾਂਦਾ ਹੈ। ਇਸ ਤਰ੍ਹਾਂ ਨਾਜਾਇਜ ਕਾਲੋਨੀਆਂ ਵਿਚ ਕੋਠੀਆਂ ਆਦਿ ਬਣਾਉਣ ਤੋਂ ਬਾਅਦ ਕਾਲੋਨਾਈਜਰ ਜਾਂ ਤਾਂ ਖੁਦ ਸੜਕਾਂ ਆਦਿ ਦਾ ਨਿਰਮਾਣ ਕਰਦੇ ਹਨ ਜਾਂ ਵਧੇਰੇ ਮਾਮਲਿਆਂ ਵਿਚ ਵਿਧਾਇਕ ਜਾਂ ਸੰਸਦ ਮੈਂਬਰ ਆਦਿ ਦੀ ਗ੍ਰਾਂਟ ਨਾਲ ਇਹ ਕੰਮ ਕਰਵਾ ਲਿਆ ਜਾਂਦਾ ਹੈ। ਪਿਛਲੇ ਸਮੇਂ ਦੌਰਾਨ ਨਾਜਾਇਜ ਕਾਲੋਨੀਆਂ ਵਿਚ ਜਲੰਧਰ ਨਿਗਮ ਨੇ ਕਰੋੜਾਂ ਰੁਪਏ ਖਰਚ ਕੀਤੇ। ਨਾਰਥ ਵਿਧਾਨ ਸਭਾ ਹਲਕੇ ਅਧੀਨ ਆਉਂਦੇ ਟਰਾਂਸਪੋਰਟ ਨਗਰ ਦੇ ਸਾਹਮਣੇ ਪਰਸ਼ੂਰਾਮ ਨਗਰ ਵਿਚ ਇਨ੍ਹੀਂ ਦਿਨੀਂ ਨਾਜਾਇਜ ਕਾਲੋਨੀ ਨਵੇਂ ਢੰਗ ਨਾਲ ਕੱਟੀ ਜਾ ਰਹੀ ਹੈ। ਉਥੇ ਕਾਲੋਨਾਈਜਰਾਂ ਅਤੇ ਡੀਲਰਾਂ ਵੱਲੋਂ ਛੋਟੀਆਂ-ਛੋਟੀਆਂ ਕੋਠੀਆਂ ਦਾ ਨਿਰਮਾਣ ਕੀਤਾ ਜਾ ਰਿਹਾ ਹੈ। ਹੁਣ ਉਥੇ ਨਵੀਆਂ ਸੜਕਾਂ ਨਹੀਂ ਬਣਾਈਆਂ ਗਈਆਂ ਹਨ ਤਾਂ ਕਿ ਕਿਸੇ ਨੂੰ ਵੀ ਨਾਜਾਇਜ ਕਾਲੋਨੀ ਬਾਰੇ ਪਤਾ ਨਾ ਲੱਗੇ। ਇਨ੍ਹਾਂ ਕੋਠੀਆਂ ਨੂੰ ਬਹੁਤ ਮਹਿੰਗੇ ਭਾਅ 'ਤੇ ਵੇਚਿਆ ਜਾ ਰਿਹਾ ਹੈ। ਦੋਸ਼ ਤਾਂ ਇਹ ਵੀ ਲੱਗ ਰਹੇ ਹਨ ਕਿ ਕੋਠੀਆਂ ਦੇ ਨਿਰਮਾਣ ਵਿਚ ਕੁਝ ਡੀਲਰ ਬਹੁਤ ਘਟੀਆ ਮਟੀਰੀਅਲ ਦੀ ਵਰਤੋਂ ਕਰ ਰਹੇ ਹਨ ਕਿਉਂਕਿ ਇਨ੍ਹਾਂ ਇਲਾਕਿਆਂ ਵਿਚ ਕੋਠੀਆਂ ਆਦਿ ਦੇ ਵਧੇਰੇ ਖਰੀਦਦਾਰ ਪ੍ਰਵਾਸੀ ਮਜਦੂਰ ਹੁੰਦੇ ਹਨ, ਇਸ ਲਈ ਡੀਲਰਾਂ ਦੀ ਖੂਬ ਚਾਂਦੀ ਬਣੀ ਹੋਈ ਹੈ। ਪਤਾ ਲੱਗਾ ਹੈ ਕਿ ਨਗਰ ਨਿਗਮ ਦੇ ਅਧਿਕਾਰੀਆਂ ਕੋਲ ਇਸ ਨਾਜਾਇਜ ਕਾਲੋਨੀ ਬਾਬਤ ਰਵੀ ਛਾਬੜਾ ਅਤੇ ਹੋਰਨਾਂ ਵੱਲੋਂ ਕੀਤੀਆਂ ਗਈਆਂ ਸ਼ਿਕਾਇਤਾਂ ਪਹੁੰਚੀਆਂ ਹੋਈਆਂ ਹਨ ਪਰ ਨਗਰ ਨਿਗਮ ਦੇ ਅਧਿਕਾਰੀ ਇਸ ਮਾਮਲੇ ਵਿਚ ਕੋਈ ਕਾਰਵਾਈ ਨਹੀਂ ਕਰ ਰਹੇ।

ਕਾਰ 'ਚੋਂ 35 ਪੇਟੀਆਂ ਨਾਜਾਇਜ ਸ਼ਰਾਬ ਬਰਾਮਦ, 2 ਵਿਅਕਤੀ ਗ੍ਰਿਫਤਾਰ

ਗੁਰਦਾਸਪੁਰ 15 ਸਤੰਬਰ। ਥਾਣਾ ਸਦਰ ਗੁਰਦਾਸਪੁਰ ਦੀ ਪੁਲਸ ਨੇ ਬੱਬਰੀ ਬਾਈਪਾਸ ਨੇੜੇ ਨਾਕਾਬੰਦੀ ਕਰਦੇ ਹੋਏ ਇਕ ਕਾਰ ਵਿਚੋਂ 35 ਪੇਟੀਆਂ (420 ਬੋਤਲਾਂ) ਨਾਜਾਇਜ ਸ਼ਰਾਬ ਸਮੇਤ 2 ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਹੈ। ਪੁਲਸ ਨੇ ਸ਼ਰਾਬ ਨੂੰ ਕਬਜੇ ਵਿਚ ਲੈ ਕੇ ਮੁਲਜਮਾਂ ਖਿ?ਲਾਫ ਆਬਕਾਰੀ ਐਕਟ ਤਹਿਤ ਮਾਮਲਾ ਦਰਜ ਕਰ ਦਿੱਤਾ ਹੈ। ਇਸ ਮਾਮਲੇ ਦੇ ਸਬੰਧ ਵਿਚ ਏ. ਐੱਸ. ਆਈ. ਸੋਹਨ ਲਾਲ ਨੇ ਦੱਸਿਆ ਕਿ ਉਹਨਾਂ ਨੇ ਪੁਲਸ ਪਾਰਟੀ ਨਾਲ ਬੱਬਰੀ ਪੁਲਸ ਨਾਕੇ 'ਤੇ ਨਾਕਾਬੰਦੀ ਕੀਤੀ ਹੋਈ ਸੀ। ਇਸ ਦੌਰਾਨ ਉਹ ਆਉਣ ਜਾਣ ਵਾਲੇ ਵਾਹਨਾਂ ਦੀ ਚੈਕਿੰਗ ਕਰ ਰਹੇ ਸਨ। ਉਹਨਾਂ ਨੇ ਕਿਹਾ ਕਿ ਚੈਕਿੰਗ ਕਰਦੇ ਸਮੇਂ ਇਕ ਕਾਰ ਨੰਬਰ

ਪੀਬੀ32 ਜੇ.6780 ਬਟਾਲਾ ਸਾਇਡ ਤੋਂ ਆਈ, ਜਿਸ ਵਿਚ ਸ਼ਮਸ਼ੇਰ ਉਰਫ ਸ਼ੈਂਕੀ ਅਤੇ ਕੁਲਵਿੰਦਰ ਕੁਮਾਰ ਉਰਫ ਸਾਬੀ ਵਾਸੀਆਨ ਅਵਾਂਖਾ ਥਾਣਾ ਦੀਨਾਨਗਰ ਸਵਾਰ ਸਨ, ਜਿਨ੍ਹਾਂ ਨੂੰ ਸ਼ੱਕ ਦੇ ਆਧਾਰ 'ਤੇ ਰੋਕ ਕੇ ਕਾਰ ਦੀ ਤਾਲਾਸ਼ੀ ਲਈ ਗਈ। ਇਸ ਦੌਰਾਨ ਪੁਲਸ ਨੂੰ 15 ਪੇਟੀਆਂ (180) ਬੋਤਲਾਂ ਸ਼ਰਾਬ ਠੇਕਾ ਮਾਰਕਾ ਮੈਕਡਾਵਲ ਵਿਸ਼ਕੀ ਅਤੇ 20 ਪੇਟੀਆਂ (240) ਬੋਤਲਾਂ ਸ਼ਰਾਬ ਠੇਕਾ ਮਾਰਕਾ ਰਾਇਲ ਸਟੈਗ ਵਿਸਕੀ ਬਰਾਮਦ ਹੋਈਆਂ। ਪੁਲਸ ਅਧਿਕਾਰੀ ਨੇ ਦੱਸਿਆ ਕਿ 2 ਨੌਜਵਾਨਾਂ ਨੂੰ ਪੁਲਸ ਨੇ ਗ੍ਰਿਫਤਾਰ ਕਰਦੇ ਹੋਏ ਉਹਨਾਂ ਖਿ?ਲਾਫ ਮਾਮਲਾ ਦਰਜ ਕਰ ਦਿੱਤਾ, ਜਿਹਨਾਂ ਨੂੰ ਬਾਅਦ ਵਿਚ ਜਮਾਨਤ 'ਤੇ ਰਿਹਾਅ ਕਰ ਦਿੱਤਾ।

ਕਿਸਾਨ ਵੱਲੋਂ ਨਾੜ ਨੂੰ ਲਾਈ ਗਈ ਅੱਗ ਕਾਰਨ ਪੁਲਸ ਸਟੇਸਨ ਦੇ ਬਾਹਰ ਖੜ੍ਹੀਆਂ ਗੱਡੀਆਂ ਨੂੰ ਲੱਗੀ ਅੱਗ

ਕਾਨਵਾਂ/ਦੀਨਾਨਗਰ 15 ਸਤੰਬਰ। ਜਿੱਥੇ ਪੰਜਾਬ ਸਰਕਾਰ ਵੱਲੋਂ ਹਰ ਸਾਲ ਕਿਸਾਨਾਂ ਨੂੰ ਨਾੜ ਨੂੰ ਅੱਗ ਨਾ ਲਾਉਣ ਲਈ ਕਈ ਕੈਂਪ ਲਾ ਕੇ ਜਾਗਰੂਕ ਕੀਤਾ ਜਾਂਦਾ ਹੈ ਅਤੇ ਨਾੜ ਨੂੰ ਅੱਗ ਲਗਾਉਣ ਵਾਲੇ ਕਿਸਾਨਾਂ ਵਿਰੁੱਧ ਕਾਨੂੰਨੀ ਕਾਰਵਾਈ ਕਰਨ ਦੀ ਚੇਤਾਵਨੀ ਵੀ ਦਿੱਤੀ ਜਾਂਦੀ ਹੈ ਪਰ ਇਸ ਦੇ ਬਾਵਜੂਦ ਵੀ ਕਿਸਾਨਾਂ ਵੱਲੋਂ ਇਸ ਕੰਮ ਤੋਂ ਗੁਰੇਜ ਨਹੀਂ ਕੀਤਾ ਜਾਂਦਾ। ਇਸ ਤਹਿਤ ਅੱਜ ਪੁਲਸ ਸਟੇਸਨ ਕਾਨਵਾਂ ਦੇ ਬਾਹਰ ਨੇੜੇ ਖੇਤਾਂ ਵਿਚ ਇਕ ਕਿਸਾਨ ਵੱਲੋਂ ਨਾੜ ਨੂੰ ਅੱਗ ਲਗਾਈ ਗਈ ਅਤੇ ਅਚਾਨਕ ਹਵਾ ਦਾ ਤੇਜ ਰਫਤਾਰ ਹੋਣ ਕਾਰਨ ਪੁਲਸ ਮਾਲ ਮੁਕੱਦਮੇ ਦੀਆਂ ਖੜੀਆਂ ਕੁਝ ਗੱਡੀਆਂ ਨੂੰ

ਅਚਾਨਕ ਅੱਗ ਪੈ ਗਈ, ਜਿਸ ਕਾਰਨ 10 ਦੇ ਕਰੀਬ ਗੱਡੀਆਂ ਸੜ ਕੇ ਸੁਆਹ ਹੋ ਗਈਆਂ। ਇਸ ਸਬੰਧੀ ਮੌਕੇ 'ਤੇ ਪਹੁੰਚੇ ਡੀਐੱਸਪੀ ਹਰਕ੍ਰਿਸਨ ਸਿੰਘ ਨੇ ਦੱਸਿਆ ਕਿ ਇਹ ਕੁਝ ਗੱਡੀਆਂ ਮਾਲ ਮੁਕੱਦਮੇ ਤਹਿਤ ਇਥੇ ਖੜੀਆਂ ਸਨ, ਅਚਾਨਕ ਅੱਗ ਲੱਗਣ ਕਾਰਨ ਇਹ ਘਟਨਾ ਵਾਪਰ ਗਈ ਹੈ। ਉਨ੍ਹਾਂ ਦੱਸਿਆ ਕਿ ਮੌਕੇ 'ਤੇ ਹੀ ਫਾਇਰ ਬ੍ਰਿਗੇਡ ਨੂੰ ਬੁਲਾਇਆ ਗਿਆ ਪਰ ਆਉਣ ਤੱਕ 10 ਦੇ ਕਰੀਬ ਗੱਡੀਆਂ ਸੜ ਗਈਆਂ ਸਨ ਅਤੇ ਬੜੀ ਮੁਸਕਿਲ ਨਾਲ ਅੱਗ 'ਤੇ ਕਾਬੂ ਪਾਇਆ ਗਿਆ। ਉਨ੍ਹਾਂ ਦੱਸਿਆ ਕਿ ਇਸ ਸਬੰਧੀ ਜਾਂਚ ਪੜਤਾਲ ਕੀਤੀ ਜਾ ਰਹੀ ਹੈ ਅਤੇ ਇਸ ਬਾਰੇ ਪਤਾ ਕਰਕੇ ਜਿਸ ਕਿਸਾਨ ਵੱਲੋਂ ਨਾੜ ਨੂੰ ਅੱਗ ਲਗਾਈ ਗਈ ਹੈ, ਉਸ ਵਿਰੁੱਧ ਕਾਨੂੰਨੀ ਕਾਰਵਾਈ ਵੀ ਕੀਤੀ ਜਾਵੇਗੀ।

ਕਿਸਾਨਾਂ ਦੇ ਧਰਨੇ ਕਾਰਨ ਰੇਲ ਆਵਾਜਾਈ ਪ੍ਰਭਾਵਿਤ, 50 ਕਿਲੋਮੀਟਰ ਜਿਆਦਾ ਦੂਰੀ ਤੈਅ ਕਰ ਰਹੀਆਂ ਟਰੇਨਾਂ

ਚੰਡੀਗੜ੍ਹ 15 ਸਤੰਬਰ। ਸ਼ੰਭੂ ਬਾਰਡਰ 'ਤੇ ਆਪਣੀਆਂ ਮੰਗਾਂ ਨੂੰ ਲੈ ਕੇ ਰੇਲਵੇ ਟਰੈਕ 'ਤੇ ਕਿਸਾਨਾਂ ਦੇ ਧਰਨੇ ਕਾਰਨ ਕਰੀਬ ਇਕ ਮਹੀਨੇ ਤੋਂ ਰੇਲ ਆਵਾਜਾਈ ਪ੍ਰਭਾਵਿਤ ਹੈ। ਰੇਲਵੇ ਨੇ 50 ਟਰੇਨਾਂ ਨੂੰ ਵਾਇਆ ਚੰਡੀਗੜ੍ਹ ਡਾਇਵਰਟ ਕੀਤਾ ਹੋਇਆ ਹੈ। ਡੀ. ਆਰ. ਐੱਮ. ਅੰਬਾਲਾ ਮੁਤਾਬਕ ਅੰਮ੍ਰਿਤਸਰ-ਦਿੱਲੀ ਸ਼ਤਾਬਦੀ, ਜੈਨਗਰ ਐਕਸਪ੍ਰੈੱਸ, ਮੁੰਬਈ ਇਟਰਸਿਟੀ ਸਮੇਤ ਲੰਬੀ ਦੂਰੀ ਦੀਆਂ ਕਰੀਬ 50 ਟਰੇਨਾਂ ਦਾ ਸੰਚਾਲਨ ਵਾਇਆ ਚੰਡੀਗੜ੍ਹ ਹੋ ਰਿਹਾ ਹੈ। ਇਨ੍ਹਾਂ ਟਰੇਨਾਂ ਨੂੰ ਕਰੀਬ 50 ਕਿਲੋਮੀਟਰ ਦੀ ਦੂਰੀ ਜ?ਿਆਦਾ ਤੈਅ ਕਰਨੀ ਪੈ ਰਹੀ ਹੈ। ਇਹ ਸਾਰੀਆਂ ਟਰੇਨਾਂ ਲੁਧਿਆਣਾ,

ਸਾਹਨੇਵਾਲ, ਮੋਰਿੰਡਾ, ਖਰੜ, ਮੋਹਾਲੀ ਤੋਂ ਹੁੰਦੇ ਹੋਏ ਚੰਡੀਗੜ੍ਹ ਪਹੁੰਚ ਰਹੀਆਂ ਹਨ, ਜਦੋਂ ਕਿ ਪਹਿਲਾਂ ਇਹ ਟਰੇਨਾਂ ਸਾਹਨੇਵਾਲ, ਖੰਨਾ, ਸਰਹਿੰਦ, ਰਾਜਪੁਰਾ ਤੋਂ ਹੁੰਦੇ ਹੋਏ ਅੰਬਾਲਾ ਜਾਂਦੀਆਂ ਸਨ। ਸਾਹਨੇਵਾਲ ਵਾਇਆ ਚੰਡੀਗੜ੍ਹ ਸਿੰਗਲ ਟਰੈਕ ਹੈ। ਟ੍ਰੈਫਿਕ ਜ?ਿਆਦਾ ਹੋਣ ਕਾਰਨ ਇਹ ਟਰੇਨਾਂ ਕਾਫੀ ਲੇਟ ਹੋ ਰਹੀਆਂ ਹਨ, ਜਿਸ ਕਾਰਨ ਯਾਤਰੀਆਂ ਨੂੰ ਭਾਰੀ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਚੰਡੀਗੜ੍ਹ ਰੇਲਵੇ ਸਟੇਸ਼ਨ 'ਤੇ ਰੇਲ ਟ੍ਰੈਫਿਕ ਜ?ਿਆਦਾ ਵੱਧਣ ਦਾ ਅਸਰ ਸਟੇਸ਼ਨ ਕੰਪਲੈਕਸ 'ਚ ਜਾਰੀ ਨਿਰਮਾਣ ਕੰਮਾਂ 'ਤੇ ਵੀ ਪੈ ਰਿਹਾ ਹ। ਰੇਲ ਲੈਂਡ ਡਿਵੈਲਪਮੈਂਟ ਅਥਾਰਟੀ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਸਟੇਸ਼ਨ ਕੰਪਲੈਕਸ ਦੇ ਅੱਧੇ ਢਾਂਚੇ ਨੂੰ ਤੋੜਿਆ ਜਾਣਾ ਸੀ ਪਰ ਅਜੇ ਇਸ ਲਈ ਨਹੀਂ ਤੋੜਿਆ ਜਾ ਰਿਹਾ ਕਿਉਂਕਿ ਰੇਲ ਟ੍ਰੈਫਿਕ ਜ?ਿਆਦਾ ਹੋਣ ਕਾਰਨ ਅਧਿਕਾਰੀ ਚੱਲਦੀ ਵਿਵਸਥਾ ਨੂੰ ਵਿਗਾੜਨਾ ਨਹੀਂ ਚਾਹੁੰਦੇ। ਇਸ ਕਾਰਨ ਸਟੇਸ਼ਨ ਕੰਪਲੈਕਸ 'ਤੇ ਚੱਲ ਰਹੇ ਨਿਰਮਾਣ ਕੰਮਾਂ 'ਚ ਰੁਕਾਵਟ ਪੈ ਰਹੀ ਹੈ।

ਗੈਂਗਸਟਰਾਂ ਦੇ ਵਿਦੇਸ਼ ਭੱਜਣ ਦੇ ਮਾਮਲੇ 'ਚ ਵੱਡਾ ਖੁਲਾਸਾ

ਮੋਹਾਲੀ 15 ਸਤੰਬਰ। ਸਟੇਟ ਸਪੈਸ਼ਲ ਆਪਰੇਟਿੰਗ ਸੈੱਲ (ਐੱਸ.ਐੱਸ.ਓ.ਸੀ.) ਮੋਹਾਲੀ ਦੇ ਹੱਥ ਵੱਡੀ ਕਾਮਯਾਬੀ ਲੱਗੀ ਹੈ। ਸੈੱਲ ਨੇ ਜਾਅਲੀ ਦਸਤਾਵੇਜ ਤਿਆਰ ਕਰਕੇ ਦੇਸ਼ 'ਚੋਂ ਫਰਾਰ ਹੋਣ ਵਿਚ ਮਦਦ ਕਰਨ ਵਾਲੇ 3 ਏਜੰਟਾਂ ਨੂੰ ਗ੍ਰਿਫਤਾਰ ਕੀਤਾ ਹੈ। ਮੁਲਜਮ ਇਮੀਗ੍ਰੇਸ਼ਨ ਏਜੰਟ ਮੁੱਖ ਤੌਰ 'ਤੇ ਗੈਂਗਸਟਰਾਂ ਨੂੰ ਭਾਰਤ ਤੋਂ ਵਿਦੇਸ਼ ਭੇਜ ਕੇ ਉੱਥੇ ਸੈਟਲ ਵੀ ਕਰਵਾਉਂਦੇ ਸਨ। ਇਨ੍ਹਾਂ ਇਮੀਗ੍ਰੇਸ਼ਨ ਏਜੰਟਾਂ ਵੱਲੋਂ ਪਾਸਪੋਰਟ ਅਤੇ ਹੋਰ ਦਸਤਾਵੇਜ਼ ਤੱਕ ਜਾਅਲੀ ਬਣਾਏ ਜਾਂਦੇ ਸਨ। ਮੁਲਜਮਾਂ ਦੀ ਪਛਾਣ ਜਲੰਧਰ ਨਿਵਾਸੀ ਜਗਜੀਤ ਸਿੰਘ ਉਰਫ ਜੀਤਾ, ਮੁਹੰਮਦ ਸਾਜੇਬ ਅਤੇ ਮੁਹੰਮਦ ਕੈਫ ਵਜੋਂ ਹੋਈ ਹੈ। ਸੈੱਲ ਵੱਲੋਂ ਤਿੰਨੇ ਮੁਲਾਜਮਾਂ ਤੋਂ ਸਖਤੀ ਨਾਲ ਪੁੱਛਗਿੱਛ ਕੀਤੀ ਜਾ ਰਹੀ ਹੈ। ਫਿ?ਲਹਾਲ ਇਸ ਮਾਮਲੇ 'ਚ ਕਈ ਵੱਡੇ ਖੁਲਾਸੇ ਹੋ ਸਕਦੇ ਹਨ। ਇਹ ਵੀ ਜਾਣਕਾਰੀ ਮਿਲੀ ਹੈ ਕਿ ਮੁਲਜਮ ਹੁਣ ਤੱਕ 15 ਤੋਂ 20 ਗੈਂਗਸਟਰਾਂ ਨੂੰ ਵਿਦੇਸ਼ ਫਰਾਰ ਹੋਣ 'ਚ ਮਦਦ ਕਰ ਚੁੱਕੇ ਸਨ। ਜਾਣਕਾਰੀ ਮੁਤਾਬਕ ਐੱਸ.ਐੱਸ.ਓ.ਸੀ. ਮੋਹਾਲੀ ਨੂੰ ਮੁਖਬਰਾਂ ਤੋਂ ਸੂਚਨਾ ਮਿਲੀ ਸੀ ਕਿ ਕਈ ਹਾਰਡਕੋਰ ਕ੍ਰਿਮੀਨਲ ਜਿਨ੍ਹਾਂ ਨੇ ਘਿਨਾਉਣੇ ਅਪਰਾਧ ਕੀਤੇ ਹਨ, ਉਹ ਜਮਾਨਤ 'ਤੇ ਜੇਲ੍ਹ ਤੋਂ ਬਾਹਰ ਆਏ ਹੋਏ ਹਨ ਪਰ ਇਹ ਭਾਰਤ ਛੱਡ ਵਿਦੇਸ਼ ਭੱਜਣ ਦੀ ਫਿਰਾਕ ਵਿਚ ਹਨ। ਕੁਝ ਜਾਅਲੀ ਇਮੀਗ੍ਰੇਸ਼ਨ ਏਜੰਟ ਇੰਨ੍ਹਾਂ ਦੀ ਮਦਦ ਕਰ ਰਹੇ ਹਨ। ਸੂਚਨਾ ਮਿਲਦੇ ਹੀ ਐੱਸ.ਐੱਸ.ਓ.ਸੀ. ਨੇ ਪਹਿਲਾਂ ਜਲੰਧਰ ਦੇ ਰਹਿਣ ਵਾਲੇ ਜਗਜੀਤ ਸਿੰਘ ਉਰਫ ਜੀਤਾ ਨੂੰ ਗ੍ਰਿਫਤਾਰ ਕਰ ਲਿਆ। ਜਗਜੀਤ ਤੋਂ ਪੁੱਛਗਿੱਛ 'ਚ ਹੋਰ ਦੋ ਸਾਥੀਆਂ ਮੁਹੰਮਦ ਸਾਜੇਬ ਅਤੇ ਮੁਹੰਮਦ ਕੈਫ ਦੇ ਬਾਰੇ ਜਾਣਕਾਰੀ ਮਿਲੀ। ਇਨ੍ਹਾਂ ਨੂੰ ਦਿੱਲੀ ਤੋਂ ਗ੍ਰਿਫਤਾਰ ਕਰ ਲਿਆ ਗਿਆ। ਦੱਸਿਆ ਜਾ ਰਿਹਾ ਹੈ ਕਿ ਇਹ ਤਿੰਨੋਂ ਇੱਕੋ ਗਿਰੋਹ ਬਣਾ ਕੇ ਕੰਮ ਕਰਦੇ ਸਨ। ਤਿੰਨੇ ਹੀ ਪੈਰੋਲ ਜਾਂ ਫਿਰ ਜਮਾਨਤ 'ਤੇ ਆਏ ਅਪਰਾਧੀਆਂ ਨਾਲ ਸੰਪਰਕ ਕਰਦੇ ਸਨ। ਇਸ ਤੋਂ ਇਲਾਵਾ ਜੋ ਵੀ ਵਿਦੇਸ਼ ਫਰਾਰ ਹੋਣ ਦੀ ਇੱਛਾ ਰੱਖਦਾ ਸੀ, ਉਸ ਮੁਲਜ਼ਮ ਦੇ ਜਾਅਲੀ ਦਸਤਾਵੇਜ਼ ਤਿਆਰ ਕਰਕੇ ਉਸ ਨੂੰ ਬੰਗਾਲ ਦੇ ਰਸਤੇ, ਹਾਂਗਕਾਂਗ ਜਾਂ ਯੂਰਪੀਅਨ ਦੇਸ਼ ਪੋਲੈਂਡ-ਪੁਰਤਗਾਲ ਭੇਜ ਦਿੰਦੇ ਸਨ ਜਿਸ ਤੋਂ ਬਾਅਦ ਉਹ ਅਪਰਾਧੀ ਉੱਥੇ ਲੁੱਕ ਕੇ ਰਹਿੰਦੇ ਸਨ। ਇਥੇ ਪੁਲਸ ਉਨ੍ਹਾਂ ਦੀ ਭਾਲ ਵਿਚ ਲੱਗੀ ਰਹਿੰਦੀ ਸੀ। ਐੱਸ.ਐੱਸ.ਓ.ਸੀ. ਦੀ ਜਾਂਚ ਵਿਚ ਸਾਹਮਣੇ ਆਇਆ ਕਿ ਇਨ੍ਹਾਂ ਨੇ 15-20 ਗੈਂਗਸਟਰਾਂ ਨੂੰ ਵਿਦੇਸ਼ ਭੇਜਿਆ ਹੈ। ਜਿਨ੍ਹਾਂ ਦੇ ਪਾਸਪੋਰਟ ਤੱਕ ਇਨ੍ਹਾਂ ਨੇ ਜਾਅਲੀ ਬਣਾਏ ਸਨ। ਇਨ੍ਹਾਂ ਵਿਚ ਗੈਂਗਸਟਰ ਗੋਪੀ ਨਵਾਂਸਹਿਰੀਆ ਵੀ ਸਾਮਲ ਹੈ, ਜੋ ਗੈਂਗਸਟਰ ਹਰਵਿੰਦਰ ਰਿੰਦਾ ਦਾ ਸਾਥੀ ਦੱਸਿਆ ਜਾਂਦਾ ਹੈ। ਜਾਣਕਾਰੀ ਅਨੁਸਾਰ ਇਨ੍ਹਾਂ ਏਜੰਟਾਂ ਨੇ ਗੋਪੀ ਨਵਾਂਸਹਿਰੀਆ ਨੂੰ ਸਾਲ 2022 ਵਿਚ ਪੋਲੈਂਡ ਭੇਜਿਆ ਸੀ। ਸੰਗਰੂਰ ਦਾ ਗੈਂਗਸਟਰ ਸੁੱਖਾ ਕਲੌਂਦੀ ਵੀ ਅਮਰੀਕਾ ਸੈਟਲ ਕਰਵਾਇਆ। ਇਸ ਤੋਂ ਇਲਾਵਾ ਲੁਧਿਆਣਾ ਦੇ ਗੈਂਗਸਟਰ ਗੁਰਪ੍

200 ਰੁਪਏ ਦੇ ਨਿਵੇਸ ਨੇ 4 ਮਹੀਨਿਆਂ 'ਚ ਮਜਦੂਰ ਨੂੰ ਬਣਾਇਆ ਕਰੋੜਪਤੀ

ਨੈਸਨਲ ਡੈਸਕ 15 ਸਤੰਬਰ। ਪੰਨਾ ਦੀ ਧਰਤੀ ਨੇ ਇੱਕ ਵਾਰ ਫਿਰ ਕੀਮਤੀ ਹੀਰਾ ਪੈਦਾ ਕੀਤਾ ਹੈ। ਮੱਧ ਪ੍ਰਦੇਸ ਵਿੱਚ ਵੀਰਵਾਰ ਨੂੰ ਇੱਕ ਮਜਦੂਰ ਨੇ ਪੰਨਾ ਦੇ ਹੀਰਾ ਦਫਤਰ ਵਿੱਚ 32 ਕੈਰੇਟ ਅਤੇ 80 ਸੈਂਟ ਦੀ ਕੀਮਤ ਦਾ ਇੱਕ ਚਮਕਦਾਰ, ਦੁਰਲੱਭ ਗੁਣਵੱਤਾ ਦਾ ਹੀਰਾ ਜਮ੍ਹਾਂ ਕਰਾਇਆ। ਇਹ ਹੀਰਾ ਪੰਨਾ ਦੇ ਸਰਕੋਹਾ ਇਲਾਕੇ ਵਿੱਚ ਇੱਕ ਖੇਤ ਵਿੱਚ ਖੁਦਾਈ ਦੌਰਾਨ ਮਿਲਿਆ ਹੈ। ਦੱਸ ਦੇਈਏ ਕਿ ਚਾਰ ਮਹੀਨੇ ਪਹਿਲਾਂ ਇਸ ਮਜਦੂਰ ਨੇ 88 ਖੇਤ 200 ਰੁਪਏ 'ਚ ਠੇਕੇ 'ਤੇ ਲਈ ਸੀ, ਜਿਸ 'ਤੇ ਉਹ ਖੁਦਾਈ ਕਰਦਾ ਸੀ। ਫਾਰਮ ਦੇ ਮਾਲਕ ਸਵਾਮੀਦੀਨ ਪਾਲ ਨੇ ਕਿਹਾ ਕਿ ਹੀਰਾ ਲੱਭਣ 'ਤੇ ਉਹਨਾਂ ਨੂੰ ਬਹੁਤ ਖੁਸੀ ਹੋਈ ਹੈ। ਉਹਨਾਂ ਨੇ ਕਿਹਾ ਕਿ ਤਿੰਨ ਮਹੀਨੇ ਪਹਿਲਾਂ ਆਪਣੇ ਖੇਤ ਵਿੱਚ ਮਾਈਨ ਲਗਾਉਣ ਦੀ ਮਨਜੂਰੀ ਲਈ ਸੀ। ਵੀਰਵਾਰ ਨੂੰ ਦੁਪਹਿਰ 12 ਵਜੇ ਖੁਦਾਈ ਦੌਰਾਨ ਇਹ ਹੀਰਾ ਮਿਲਿਆ ਸੀ। ਤਿੰਨ ਲੋਕ ਇਸ ਹੀਰੇ ਦੇ ਹਿੱਸੇਦਾਰ ਹਨ ਅਤੇ ਹੁਣ ਉਹ ਰਾਤੋ-ਰਾਤ ਕਰੋੜਪਤੀ ਬਣ ਗਏ ਹਨ। ਇਹ ਹੀਰਾ ਪੰਨਾ ਦੇ ਹੀਰਾ ਦਫਤਰ ਵਿੱਚ ਜਮ੍ਹਾਂ ਕਰਵਾ ਦਿੱਤਾ ਗਿਆ ਹੈ, ਜਿੱਥੇ ਇਸ ਦੀ ਨਿਲਾਮੀ ਕੀਤੀ ਜਾਵੇਗੀ। ਨਿਲਾਮੀ ਦੌਰਾਨ 12% ਦੀ ਰਾਇਲਟੀ ਕੱਟਣ ਤੋਂ ਬਾਅਦ, ਬਾਕੀ ਰਕਮ ਹੀਰਾ ਪ੍ਰਾਪਤ ਕਰਨ ਵਾਲੇ ਵਿਅਕਤੀ ਨੂੰ ਦਿੱਤੀ ਜਾਵੇਗੀ। ਇਸ ਹੀਰੇ ਦੀ ਅੰਦਾਜਨ ਕੀਮਤ ਕਰੋੜਾਂ ਰੁਪਏ ਦੱਸੀ ਜਾ ਰਹੀ ਹੈ। ਇਸ ਤੋਂ ਪਹਿਲਾਂ ਵੀ 2 ਕੈਰੇਟ ਅਤੇ 72 ਸੈਂਟ ਦਾ ਹੀਰਾ ਜਮ੍ਹਾ ਹੋ ਚੁੱਕਾ ਹੈ, ਜਿਸ ਨੂੰ ਆਉਣ ਵਾਲੀ ਨਿਲਾਮੀ 'ਚ ਰੱਖਿਆ ਜਾਵੇਗਾ। ਹੁਣ ਤੱਕ ਕੁੱਲ 16 ਹੀਰੇ ਇਕੱਠੇ ਕੀਤੇ ਜਾ ਚੁੱਕੇ ਹਨ, ਜਿਨ੍ਹਾਂ ਦਾ ਕੁੱਲ ਵਜਨ 124 ਕੈਰੇਟ 39 ਗ੍ਰਾਮ ਹੈ। ਪੰਨਾ ਵਿੱਚ ਖੁਦਾਈ ਦੌਰਾਨ ਕਈ ਮਜਦੂਰਾਂ ਨੂੰ ਪਹਿਲਾਂ ਹੀ ਹੀਰੇ ਮਿਲੇ ਹਨ ਅਤੇ ਇਹ ਇਲਾਕਾ ਹੀਰਿਆਂ ਲਈ ਮਸਹੂਰ ਹੈ।

ਮਣੀਪੁਰ ਸਰਕਾਰ ਨੇ 5 ਜਿਲ੍ਹਿਆਂ 'ਚ ਹਟਾਈ ਇੰਟਰਨੈਟ ਸੇਵਾਵਾਂ 'ਤੇ ਪਾਬੰਦੀ

ਇੰਫਾਲ 15 ਸਤੰਬਰ। ਮਣੀਪੁਰ ਸਰਕਾਰ ਨੇ ਇੰਫਾਲ ਘਾਟੀ ਦੇ ਪੰਜ ਜ਼ਿਲ੍ਹਿਆਂ ਵਿੱਚ ਹਰ ਤਰ੍ਹਾਂ ਦੀਆਂ ਇੰਟਰਨੈਟ ਸੇਵਾਵਾਂ 'ਤੇ ਅਸਥਾਈ ਪਾਬੰਦੀ ਲਗਾਉਣ ਦੇ ਤਿੰਨ ਦਿਨ ਬਾਅਦ ਕਈ ਨਿਯਮਾਂ ਅਤੇ ਸਰਤਾਂ ਨੂੰ ਪੂਰਾ ਕਰਨ 'ਤੇ ਬ੍ਰੌਡਬੈਂਡ ਸੇਵਾਵਾਂ 'ਤੇ ਪਾਬੰਦੀ ਹਟਾ ਦਿੱਤੀ ਹੈ। ਅਧਿਕਾਰੀਆਂ ਨੇ ਸ਼ੁੱਕਰਵਾਰ ਨੂੰ ਇਸ ਗੱਲ ਦੀ ਜਾਣਕਾਰੀ ਦਿੱਤੀ। ਕਮਿਸਨਰ (ਗ੍ਰਹਿ) ਐੱਨ. ਅਸੋਕ ਕੁਮਾਰ ਨੇ ਇਕ ਨੋਟੀਫਿਕੇਸਨ ਰਾਹੀਂ ਕਿਹਾ, 'ਰਾਜ ਸਰਕਾਰ ਨੇ ਬ੍ਰੌਡਬੈਂਡ ਸੇਵਾਵਾਂ (ਅਤੇ) 'ਤੇ ਲੱਗੀ ਪਾਬੰਦੀ ਨੂੰ ਹੌਲੀ-ਹੌਲੀ ਹਟਾਉਣ ਦਾ ਫੈਸਲਾ ਕੀਤਾ ਹੈ, ਬਸਰਤੇ ਨਿਯਮ ਅਤੇ ਸਰਤਾਂ ਪੂਰੀਆਂ ਹੋਣ।' ਨੋਟੀਫਿਕੇਸਨ ਵਿੱਚ ਕਿਹਾ ਗਿਆ ਹੈ, "ਕੁਨੈਕਸਨ ਦੀ ਕਾਰਵਾਈ ਸਟੈਟਿਕ ਆਈਪੀ ਦੁਆਰਾ ਹੋਵੇਗੀ ਅਤੇ ਸਬੰਧਤ ਗਾਹਕ ਨੂੰ ਮੌਜੂਦਾ ਮਨਜੂਰਸ਼ੁਦਾ ਇੱਕ ਤੋਂ ਇਲਾਵਾ ਕਿਸੇ ਹੋਰ ਕੁਨੈਕਸਨ ਦੀ ਵਰਤੋਂ ਕਰਨ ਦੀ ਇਜਾਜਤ ਨਹੀਂ ਦਿੱਤੀ ਜਾਵੇਗੀ।" ਨੋਟੀਫਿਕੇਸਨ ਦੇ ਅਨੁਸਾਰ, "ਕਿਸੇ ਵੀ ਰਾਊਟਰ ਤੋਂ ਵਾਈਫਾਈ / ਹੌਟਸਪੌਟ ਦੀ ਵਰਤੋਂ ਦੀ ਇਜਾਜਤ ਨਹੀਂ ਦਿੱਤੀ ਜਾਵੇਗੀ ਅਤੇ ਗਾਹਕ ਨੂੰ ਸੋਸਲ ਮੀਡੀਆ ਅਤੇ ਵੀਪੀਐਨ ਨੂੰ ਸਥਾਨਕ ਤੌਰ 'ਤੇ ਬਲਾਕ ਕਰਨਾ

ਹੋਵੇਗਾ।" ਰਾਜ ਸਰਕਾਰ ਨੇ ਹਾਲਾਂਕਿ ਸੋਸਲ ਮੀਡੀਆ ਰਾਹੀਂ ਗਲਤ ਜਾਣਕਾਰੀ ਅਤੇ ਅਫਵਾਹਾਂ ਫੈਲਣ ਦੇ ਡਰ ਦੇ ਮੱਦੇਨਜਰ ਮੋਬਾਈਲ ਇੰਟਰਨੈਟ ਸੇਵਾਵਾਂ 'ਤੇ ਪਾਬੰਦੀ ਜਾਰੀ ਰੱਖਣ ਦਾ ਫੈਸਲਾ ਕੀਤਾ ਹੈ। ਸੂਬਾ ਸਰਕਾਰ ਅਨੁਸਾਰ ਮੋਬਾਈਲ ਇੰਟਰਨੈੱਟ ਡਾਟਾ ਸੇਵਾ ਜਾਰੀ ਰਹਿਣ ਕਾਰਨ ਅੰਦੋਲਨਕਾਰੀਆਂ ਅਤੇ ਪ੍ਰਦਰਸਨਕਾਰੀਆਂ ਦੇ ਇੱਕਜੁੱਟ ਹੋਣ ਦਾ ਖਦਸਾ ਹੈ ਅਤੇ ਇਸ ਕਾਰਨ ਜਾਨੀ-ਮਾਲੀ ਨੁਕਸਾਨ ਅਤੇ ਸਰਕਾਰੀ ਅਤੇ ਨਿੱਜੀ ਜਾਇਦਾਦ ਦਾ ਨੁਕਸਾਨ ਹੋਣ ਦਾ ਖਦਸਾ ਹੈ। ਰਾਜ ਸਰਕਾਰ ਨੇ ਅੱਤਵਾਦੀਆਂ ਦੇ ਹਮਲਿਆਂ ਨਾਲ ਨਜਿੱਠਣ ਵਿਚ ਕਥਿਤ ਤੌਰ 'ਤੇ ਅਸਫਲ ਰਹਿਣ ਵਾਲੇ ਪੁਲਸ ਡਾਇਰੈਕਟਰ ਜਨਰਲ (ਡੀਜੀਪੀ) ਅਤੇ ਸੁਰੱਖਿਆ ਸਲਾਹਕਾਰ ਨੂੰ ਹਟਾਉਣ ਦੀ ਮੰਗ ਨੂੰ ਲੈ ਕੇ ਵਿਦਿਆਰਥੀਆਂ ਦੇ ਪ੍ਰਦਰਸਨਾਂ ਕਾਰਨ 10 ਸਤੰਬਰ ਤੋਂ 15 ਸਤੰਬਰ ਤੱਕ ਬ੍ਰਾਡਬੈਂਡ ਅਤੇ ਮੋਬਾਈਲ ਡਾਟਾ ਸਮੇਤ ਇੰਟਰਨੈੱਟ ਸੇਵਾਵਾਂ ਨੂੰ ਮੁਅੱਤਲ ਕਰਨ ਦਾ ਫੈਸਲਾ ਕੀਤਾ ਸੀ। ਪ੍ਰਦਰਸਨ ਤੋਂ ਬਾਅਦ ਸੁਰੱਖਿਆ ਬਲਾਂ ਅਤੇ ਵਿਦਿਆਰਥੀਆਂ ਵਿਚਕਾਰ ਝੜਪ ਹੋਈ, ਜਿਸ ਵਿਚ ਵਿਦਿਆਰਥੀਆਂ ਅਤੇ ਪੁਲਸ ਕਰਮਚਾਰੀਆਂ ਸਮੇਤ 80 ਤੋਂ ਵੱਧ ਲੋਕ ਜਖਮੀ ਹੋ ਗਏ।

ਭੱਠੀ ਸਮੇਤ 150 ਲੀਟਰ ਲਾਹਣ ਅਤੇ 100 ਬੋਤਲਾਂ ਦੇਸੀ ਸਰਾਬ ਬਰਾਮਦ

ਬਟਾਲਾ/ਨੌਸਹਿਰਾ ਮੱਝਾ ਸਿੰਘ/ਘੁਮਾਣ 15 ਸਤੰਬਰ। ਐਕਸਾਈਜ ਵਿਭਾਗ, ਆਰ. ਕੇ. ਇੰਟਰਪ੍ਰਾਈਜ਼ਿਜ ਅਤੇ ਪੁਲਸ ਦੀ ਸਾਂਝੀ ਰੇਡ ਟੀਮ ਨੇ ਸਰਾਬ ਦੀ ਭੱਠੀ ਸਮੇਤ 150 ਲੀਟਰ ਲਾਹਣ ਅਤੇ 100 ਬੋਤਲਾਂ ਦੇਸੀ ਨਾਜਾਇਜ ਸਰਾਬ ਬਰਾਮਦ ਕੀਤੀ। ਆਰ. ਕੇ. ਇੰਟਰਪ੍ਰਾਈਜ਼ਿਜ ਦੇ ਜੀ. ਐੱਮ. ਗੁਰਪ੍ਰੀਤ ਗੋਪੀ ਉੱਪਲ ਅਤੇ ਐਕਸਾਈਜ ਇੰਸਪੈਕਟਰ ਪੰਕਜ ਸਰਮਾ ਨੇ ਦੱਸਿਆ ਕਿ ਐਕਸਾਈਜ ਈ. ਟੀ. ਓ. ਹੇਮੰਤ ਸਰਮਾ, ਐਕਸਾਈਜ ਇੰਸਪੈਕਟਰ ਪੰਕਜ ਸਰਮਾ, ਐਕਸਾਈਜ ਇੰਸਪੈਕਟਰ ਬਿਕਰਮਜੀਤ ਸਿੰਘ ਭੁੱਲਰ, ਐਕਸਾਈਜ ਇੰਸਪੈਕਟਰ ਵਿਜੇ ਕੁਮਾਰ, ਐਕਸਾਈਜ ਪੁਲਸ ਸਟਾਫ ਇੰਚਾਰਜ ਏ. ਐੱਸ. ਆਈ. ਸਰੂਪ ਸਿੰਘ, ਸਰਕਲ ਇੰਚਾਰਜ ਸਾਬੀ 'ਤੇ ਆਧਾਰਿਤ ਰੇਡ ਪਾਰਟੀ ਨੇ ਪਿੰਡ ਕਠਾਣਾ ਨੇੜੇ ਦਰਿਆ ਕੰਢੇ ਤੋਂ ਤਲਾਸੀ ਦੌਰਾਨ ਸਰਾਬ ਦੀ ਭੱਠੀ, ਇਕ ਪਲਾਸਟਿਕ ਡਰੰਮੀ, ਇਕ ਪਲਾਸਟਿਕ ਬਾਲਟੀ 'ਚੋਂ 150 ਲੀਟਰ ਲਾਹਣ ਤੇ 2 ਸਿਲਵਰ ਕੰਟੇਨਰ 'ਚੋਂ 100 ਬੋਤਲਾਂ ਦੇਸੀ ਨਾਜਾਇਜ ਸਰਾਬ ਬਰਾਮਦ ਕੀਤੀ ਗਈ। ਇਸ ਦੌਰਾ ਨਫੜੀ ਗਈ ਲਾਹਣ ਅਤੇ ਸਰਾਬ ਨੂੰ ਨਸਟ ਕੀਤਾ ਗਿਆ। ਇਸ ਮੌਕੇ ਦਲਜੀਤ, ਹਰਜੀਤ, ਬਲਜੀਤ, ਮਾਸਟਰ, ਅਜੇ ਸਿੰਘ, ਅਮਰਜੀਤ ਖੰਡੋ, ਮੇਵਾ, ਅਮਰ, ਰਾਜਬੀਰ, ਗੋਲਡੀ ਆਦਿ ਹਾਜਰ ਸਨ।

ਜਿਊਲਰਜ ਦੇ ਆਏ 'ਅੱਛੇ ਦਿਨ', ਵੱਧ ਗਈ ਵਿਕਰੀ, ਰੈਵੇਨਿਊ 'ਚ ਹੋ ਸਕਦਾ ਹੈ ਜਬਰਦਸਤ ਵਾਧਾ

ਨਵੀਂ ਦਿੱਲੀ 15 ਸਤੰਬਰ। ਜਿਊਲਰਜ ਦੇ 'ਅੱਛੇ' ਦਿਨ ਆ ਗਏ ਹਨ। ਬਜਟ 'ਚ ਸੋਨੇ ਤੋਂ ਕਸਟਮ ਡਿਊਟੀ 'ਚ ਕਟੌਤੀ ਨਾਲ ਗੋਲਡ ਦੀ ਵਿਕਰੀ 'ਚ ਵਾਧਾ ਹੋ ਗਿਆ ਹੈ। ਕ੍ਰਿਸਿਲ ਦੀ ਰਿਪੋਰਟ ਅਨੁਸਾਰ ਇਸ ਮਾਲੀ ਸਾਲ 'ਚ ਸੋਨੇ ਦੀ ਵਿਕਰੀ ਨਾਲ ਜਿਊਲਰਜ ਦੇ ਰੈਵੇਨਿਊ 'ਚ 22 ਤੋਂ 25 ਫੀਸਦੀ ਦਾ ਵਾਧਾ ਹੋ ਸਕਦਾ ਹੈ। ਇਸ ਰਿਪੋਰਟ ਨੂੰ 58 ਜਿਊਲਰਜ ਨਾਲ ਗੱਲ ਕਰ ਕੇ ਤਿਆਰ ਕੀਤਾ ਗਿਆ ਹੈ। ਕ੍ਰਿਸਿਲ ਅਨੁਸਾਰ ਇਸ ਸੰਗਠਿਤ ਖੇਤਰ ਦੇ ਰੈਵੇਨਿਊ 'ਚ ਇਹ 58 ਜਿਊਲਰਜ ਇਕ ਤਿਹਾਈ ਹਿੱਸੇ ਦਾ ਯੋਗਦਾਨ ਦਿੰਦੇ ਹਨ। ਇਸ 'ਚ ਸਾਹਮਣੇ ਆਇਆ ਹੈ ਕਿ ਰੈਵੇਨਿਊ ਵਧਣ ਨਾਲ ਇਸ ਸੈਕਟਰ ਨੂੰ ਲਾਭ ਮਿਲਿਆ ਹੈ। ਇਸ ਸਾਲ ਜੁਲਾਈ 'ਚ ਪੇਸ਼ ਕੀਤੇ ਬਜਟ 'ਚ ਗੋਲਡ ਤੋਂ ਕਸਟਮ ਡਿਊਟੀ ਹਟਾ ਦਿੱਤੀ ਗਈ ਸੀ। ਇਸ ਤੋਂ ਬਾਅਦ ਸੋਨੇ ਦੀਆਂ ਕੀਮਤਾਂ 'ਚ ਜਬਰਦਸਤ ਗਿਰਾਵਟ ਆਈ ਸੀ। ਬਜਟ ਵਾਲੇ ਦਿਨ ਹੀ ਸੋਨੇ ਦੀ ਕੀਮਤ ਪ੍ਰਤੀ 10 ਗ੍ਰਾਮ 4 ਹਜਾਰ ਤੋਂ ਜ਼ਿਆਦਾ ਡਿੱਗ ਗਈ ਸੀ। ਇਸ ਤੋਂ ਕਈ ਦਿਨਾਂ ਬਾਅਦ ਤੱਕ ਗਿਰਾਵਟ ਬਣੀ ਰਹੀ। ਉਸ ਸਮੇਂ ਪ੍ਰਤੀ 10 ਗ੍ਰਾਮ ਸੋਨੇ ਦੀ ਕੀਮਤ 74 ਹਜਾਰ ਰੁਪਏ ਦੇ ਪਾਰ ਸੀ। ਬਜਟ ਤੋਂ ਬਾਅਦ ਇਹ ਡਿੱਗ ਕੇ 70 ਹਜਾਰ ਰੁਪਏ ਤੋਂ ਹੇਠਾਂ ਆ ਗਈ ਸੀ। ਸੋਨੇ ਦੀ ਕੀਮਤ 'ਚ ਅਜੇ ਵੀ ਬਹੁਤ ਸੁਧਾਰ ਨਹੀਂ ਹੋਇਆ ਹੈ। ਸੋਮਵਾਰ ਨੂੰ ਐੱਮ. ਸੀ. ਐਕਸ 'ਤੇ 10 ਗ੍ਰਾਮ ਸੋਨੇ ਦੀ ਕੀਮਤ 71450 ਰੁਪਏ ਹੈ। ਕ੍ਰਿਸਿਲ ਦੀ ਰਿਪੋਰਟ ਅਨੁਸਾਰ ਕਸਟਮ ਡਿਊਟੀ 'ਚ ਭਾਰੀ ਕਮੀ ਜਿਊਲਰੀ ਇੰਡਸਟ੍ਰੀ ਲਈ ਮਹੱਤਵਪੂਰਨ ਸਮੇਂ 'ਤੇ ਆਈ ਹੈ। ਇਸ ਸਮੇਂ ਰਿਟੇਲਰ ਫੈਸਟੀਵਲ ਅਤੇ ਵਿਆਹ ਦੇ ਸੀਜਨ ਦੀ ਤਿਆਰੀ ਕਰ ਰਹੇ ਹਨ। ਸੋਨੇ ਦੀ ਕੀਮਤ 'ਚ ਕਮੀ ਦੇ ਕਾਰਨ ਰਿਟੇਲਰ ਆਪਣੇ ਸਟਾਕ 'ਚ 5 ਫੀਸਦੀ ਤੱਕ ਦਾ ਵਾਧਾ ਕਰ ਸਕਦੇ ਹਨ। ਕਿਉਂਕਿ ਅਜੇ ਸੋਨਾ ਸਸਤਾ ਮਿਲ ਰਿਹਾ ਹੈ ਪਰ ਜਾਣਕਾਰਾਂ ਅਨੁਸਾਰ ਫੈਸਟੀਵਲ ਅਤੇ ਵਿਆਹਾਂ ਦੇ ਸੀਜਨ 'ਚ ਇਸ ਦੀ ਕੀਮਤ 'ਚ ਤੇਜੀ ਦੇਖੀ ਜਾ ਸਕਦੀ ਹੈ। ਅਜਿਹੇ 'ਚ ਜਿਊਲਰਜ ਦੇ ਲਾਭ 'ਚ ਵਾਧਾ ਹੋ ਸਕਦਾ ਹੈ। ਬਜਟ ਤੋਂ ਪਹਿਲਾਂ ਸੋਨੇ ਦੀ ਕੀਮਤ ਪ੍ਰਤੀ 10 ਗ੍ਰਾਮ 74 ਹਜਾਰ ਤੋਂ ਵੀ ਜ਼ਿਆਦਾ ਸੀ। ਸੋਨੇ ਦੀ

ਕੀਮਤ 'ਚ ਲਗਾਤਾਰ ਤੇਜੀ ਆ ਰਹੀ ਸੀ। ਅਜਿਹੇ 'ਚ ਕਾਫੀ ਲੋਕਾਂ ਨੇ ਸੋਨਾ ਖਰੀਦਣਾ ਘੱਟ ਕਰ ਦਿੱਤਾ ਸੀ ਅਤੇ ਇਸ ਦੀ ਵਿਕਰੀ 'ਤੇ ਬ੍ਰੇਕ ਲੱਗ ਗਏ ਸਨ। ਇਸ ਨਾਲ ਜਿਊਲਰਜ ਨੂੰ ਵੀ ਨੁਕਸਾਨ ਹੋ ਰਿਹਾ ਸੀ। ਹੁਣ ਕਿਉਂਕਿ ਕੀਮਤ ਘੱਟ ਹੈ ਤਾਂ ਗੋਲਡ ਦੀ ਵਿਕਰੀ 'ਚ ਤੇਜੀ ਆ ਰਹੀ ਹੈ। ਕਸਟਮ ਡਿਊਟੀ 'ਚ ਕਮੀ ਦੇ ਕਾਰਨ ਰਿਟੇਲ 'ਚ ਸੋਨੇ ਦੀਆਂ ਕੀਮਤਾਂ 'ਚ 4500-5000 ਰੁਪਏ ਪ੍ਰਤੀ 10 ਗ੍ਰਾਮ ਦੀ ਗਿਰਾਵਟ ਆਈ ਹੈ। ਇਸ ਨਾਲ ਸੋਨੇ ਦੇ ਗਹਿਣਿਆਂ ਦੀ ਮੰਗ 'ਚ ਵਾਧਾ ਹੋਇਆ ਹੈ। ਇਸ ਸਮੇਂ ਸੋਨੇ ਦੀ ਕੀਮਤ ਪਿਛਲੇ ਸਾਲ ਦੇ ਮੁਕਾਬਲੇ ਜ਼ਿਆਦਾ ਹੈ। ਜਾਣਕਾਰਾਂ ਦੇ ਅਨੁਸਾਰ ਜਿਉਂ-ਜਿਉਂ ਤਿਓਹਾਰੀ ਸੀਜਨ ਨੇੜੇ ਆ ਰਿਹਾ ਹੈ, ਸੋਨੇ ਦੀ ਕੀਮਤ ਪਿਛਲੇ ਸਾਲ ਦੀ ਔਸਤ ਨਾਲੋਂ ਲਗਭਗ 17 ਫੀਸਦੀ ਵੱਧ ਬਣੀ ਹੋਈ ਹੈ। ਇਸ ਨਾਲ ਮੰਗ ਬਣੀ ਰਹਿਣ ਅਤੇ ਮਾਲੀ ਸਾਲ ਦੀ ਦੂਜੀ ਛਿਮਾਹੀ (ਅਕਤੂਬਰ-ਮਾਰਚ) 'ਚ ਰੈਵੇਨਿਊ 'ਚ ਹੋਰ ਵਾਧਾ ਹੋਣ ਦੀ ਉਮੀਦ ਹੈ। ਹਾਲਾਂਕਿ ਇਸ ਦੌਰਾਨ ਸੋਨੇ ਦੀ ਕੀਮਤ 'ਚ ਤੇਜੀ ਵੀ ਆ ਸਕਦੀ ਹੈ। ਜਾਣਕਾਰਾਂ ਅਨੁਸਾਰ ਧਨਤੇਰਸ ਦੇ ਸਮੇਂ ਸੋਨੇ ਦੀ ਕੀਮਤ ਫਿਰ ਤੋਂ 74 ਹਜਾਰ ਰੁਪਏ ਪ੍ਰਤੀ 10 ਗ੍ਰਾਮ ਤੋਂ ਪਾਰ ਹੋ ਸਕਦੀ ਹੈ।

ਹਾਈਵੇ 'ਤੇ ਮਿਲੀ ਲੜਕੀ ਦੀ ਬਿਨਾਂ ਕੱਪੜਿਆਂ ਤੋਂ ਲਾਸ, ਜਬਰ ਜਨਾਹ ਤੋਂ ਬਾਅਦ ਕਤਲ ਦਾ ਸ਼ੱਕ

ਕਾਨਪੁਰ 15 ਸਤੰਬਰ। ਉੱਤਰ ਪ੍ਰਦੇਸ ਦੇ ਕਾਨਪੁਰ 'ਚ ਇਕ ਲੜਕੀ ਦੀ ਸਿਰ ਕਟੀ ਹੋਈ ਲਾਸ ਮਿਲਣ 'ਤੇ ਹੜਕੰਪ ਮਚ ਗਿਆ। ਘਟਨਾ ਦੀ ਸੂਚਨਾ ਮਿਲਦੇ ਹੀ ਮੌਕੇ 'ਤੇ ਪਹੁੰਚੀ ਪੁਲਸ ਨੇ ਲਾਸ ਨੂੰ ਕਬਜੇ 'ਚ ਲੈ ਕੇ ਪੋਸਟਮਾਰਟਮ ਲਈ ਭੇਜ ਕੇ ਮਾਮਲੇ ਦੀ ਜਾਂਚ ਸੁਰੂ ਕਰ ਦਿੱਤੀ ਹੈ। ਖਦਸਾ ਜਤਾਇਆ ਜਾ ਰਿਹਾ ਹੈ ਕਿ ਇਸ ਘਟਨਾ ਨੂੰ ਜਬਰ ਜਨਾਹ ਜਾਂ ਗੈਂਗਰੇਪ ਤੋਂ ਬਾਅਦ ਅੰਜਾਮ ਦਿੱਤਾ ਗਿਆ ਹੋ ਸਕਦਾ ਹੈ। ਫਿਰ ਲੜਕੀ ਦੀ ਪਛਾਣ ਛੁਪਾਉਣ ਤੋਂ ਬਾਅਦ ਉਸ ਦਾ ਗਲਾ ਵੱਢ ਦਿੱਤਾ ਗਿਆ। ਪੁਲਸ ਦੇ ਨਾਲ-ਨਾਲ ਫੋਰੈਂਸਿਕ ਟੀਮ ਨੇ ਵੀ ਮੌਕੇ 'ਤੇ ਪਹੁੰਚ ਕੇ ਸਬੂਤ ਇਕੱਠੇ ਕੀਤੇ। ਜਾਂਚ ਦੌਰਾਨ ਪੁਲਸ ਨੂੰ ਮ੍ਰਿਤਕ ਦੀਆਂ ਕਈ ਹੱਡੀਆਂ ਅਤੇ ਟੁੱਟੇ ਹੋਏ ਦੰਦ ਮੌਕੇ 'ਤੇ ਪਏ ਮਿਲੇ ਹਨ। ਡੀਸੀਪੀ ਸਾਊਥ ਰਵਿੰਦਰ ਕੁਮਾਰ ਨੇ ਦੱਸਿਆ ਕਿ ਗੁਜੈਨੀ ਥਾਣਾ ਖੇਤਰ ਦੇ ਕਾਨਪੁਰ-ਦਿੱਲੀ ਹਾਈਵੇਅ 'ਤੇ ਬੁੱਧਵਾਰ ਸਵੇਰੇ ਇੱਕ ਔਰਤ ਦੀ ਕੱਟੀ ਹੋਈ ਲਾਸ ਮਿਲੀ ਅਤੇ ਲਾਸ ਦੀ ਪਛਾਣ ਕਰਨ ਲਈ ਮੁਖਬਰ ਸਰਗਰਮ ਹੋ ਗਏ। ਨਾਲ ਹੀ ਜਾਂਚ

ਲਈ ਅਪਰਾਧ ਸਾਖਾ ਅਤੇ ਨਿਗਰਾਨੀ ਟੀਮ ਤਾਇਨਾਤ ਕੀਤੀ ਗਈ ਹੈ। ਨੇੜੇ ਲੱਗੇ ਸੀਸੀਟੀਵੀ ਕੈਮਰਿਆਂ ਦੀ ਜਾਂਚ ਕੀਤੀ ਜਾ ਰਹੀ ਹੈ। ਲਾਸ ਨੂੰ ਦੇਖ ਕੇ ਇਲਾਕੇ 'ਚ ਹੜਕੰਪ ਮਚ ਗਿਆ ਅਤੇ ਸਥਾਨਕ ਲੋਕਾਂ ਨੇ ਪੁਲਸ ਨੂੰ ਸੂਚਨਾ ਦਿੱਤੀ। ਜਿਸ ਤੋਂ ਬਾਅਦ ਪੁਲਸ ਅਧਿਕਾਰੀਆਂ ਨੇ ਮੌਕੇ 'ਤੇ ਪਹੁੰਚ ਕੇ ਮਾਮਲੇ ਦੀ ਜਾਂਚ ਸੁਰੂ ਕਰ ਦਿੱਤੀ ਹੈ। ਮਾਮਲੇ ਦੀ ਸੂਚਨਾ ਮਿਲਦੇ ਹੀ ਕਾਨਪੁਰ ਦੇ ਪੁਲਸ ਕਮਿਸਨਰ ਵੀ ਮੌਕੇ 'ਤੇ ਪਹੁੰਚ ਗਏ। ਪੁਲਸ ਦਾ ਕਹਿਣਾ ਹੈ ਕਿ ਮ੍ਰਿਤਕ ਸਥਾਨਕ ਨਹੀਂ ਹੈ, ਜੇਕਰ ਅਜਿਹਾ ਹੁੰਦਾ ਤਾਂ ਹੁਣ ਤੱਕ ਉਸਦੇ ਪਰਿਵਾਰਕ ਮੈਂਬਰ ਸਾਹਮਣੇ ਆ ਚੁੱਕੇ ਹੁੰਦੇ।

ਦਿਲ 'ਚ ਰੰਜਿਸ਼ ਰੱਖੀਂ ਬੈਠਿਆਂ ਨੇ ਕੀਤਾ ਖੌਫਨਾਕ ਕਾਰਾ

ਪੁਰਾਣਾ ਸਾਲਾ/ਦੀਨਾਨਗਰ 15 ਸਤੰਬਰ। ਪੁਰਾਣਾ ਸਾਲਾ ਪੁਲਸ ਵੱਲੋਂ ਇਕ ਨੌਜਵਾਨ ਨੂੰ ਦੋ ਵਿਅਕਤੀਆਂ ਵੱਲੋਂ ਨਿੱਜੀ ਰੰਜਿਸ ਨੂੰ ਲੈ ਕੇ ਨਹਿਰ ਵਿਚ ਡੋਬ ਕੇ ਕਤਲ ਕਰ ਦਿੱਤਾ ਗਿਆ। ਪੁਲਸ ਨੇ ਦੋਵਾਂ ਖ਼ਿਲਾਫ ਮੁਕੱਦਮਾ ਦਰਜ ਕਰਕੇ ਇਕ ਨੂੰ ਗ੍ਰਿਫਤਾਰ ਕਰ ਲਿਆ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਥਾਣਾ ਮੁਖੀ ਪੁਰਾਣਾ ਸਾਲਾ ਕ੍ਰਿਸਮਾ ਦੇਵੀ ਨੇ ਦੱਸਿਆ ਕਿ ਪੁਲਸ ਨੂੰ ਦਿੱਤੀ ਸ਼ਿਕਾਇਤ ਵਿਚ ਮ੍ਰਿਤਕ ਨੌਜਵਾਨ ਦੇ ਤਾਏ ਦੇ ਮੁੰਡੇ ਸੁਖਦੇਵ ਰਾਜ ਨੇ ਦੱਸਿਆ ਕਿ ਮੇਰੇ ਚਾਚੇ ਦਾ ਲੜਕਾ ਧਰਮਪਾਲ ਪੁੱਤਰ ਜੋਗਿੰਦਰ ਪਾਲ ਵਾਸੀ ਬਰਿਆਰ ਜੋ ਮਿਹਨਤ ਮਜਦੂਰੀ

ਦਾ ਕੰਮ ਕਰਦਾ ਸੀ ਅਤੇ ਮਿਤੀ 07.09.2024 ਨੂੰ ਆਪਣੇ ਘਰ ਤੋਂ ਪਿੰਡ ਮਾਨਕੋਰ ਸਿੰਘ ਜੀ. ਟੀ. ਰੋਡ ਵਿਖੇ ਮੈਰਿਜ ਪੈਲਸ 'ਤੇ ਕੰਮ ਕਰਨ ਲਈ ਗਿਆ ਸੀ। ਦੁਪਹਿਰ ਵੇਲੇ ਉੱਕਤ ਮੁਲਜਮ ਮੋਟਰਸਾਇਕਲ 'ਤੇ ਸਵਾਰ ਹੋ ਕੇ ਆਏ ਅਤੇ ਧਰਮਪਾਲ ਨੂੰ ਕੰਮ ਤੋਂ ਇਹ ਕਹਿ ਕੇ ਆਪਣੇ ਨਾਲ ਲੈ ਗਏ ਕਿ ਕਿਸੇ ਰਿਸਤੇਦਾਰ ਦੀ ਮੌਤ ਹੋ ਗਈ ਹੈ। ਮੁ

ਡੀਏਵੀ ਪਬਲਿਕ ਸਕੂਲ ਪਟਿਆਲਾ ਦੇ ਸਮਿਕ ਗੋਇਲ ਅੰਤਰਰਾਸ਼ਟਰੀ ਪੱਧਰ 'ਤੇ ਕੋਡਿੰਗ ਵਿਜ਼ਾਰਡ ਵਜੋਂ ਉੱਭਰਿਆ

ਪਟਿਆਲਾ, 15 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਇੰਟਰਨੈਸ਼ਨਲ ਓਲੰਪੀਆਡ ਆਫ਼ ਇਨਫੋਰਮੈਟਿਕਸ ਕੰਪਿਊਟਰ ਸਿੱਖਿਆ ਦੇ ਖੇਤਰ ਵਿੱਚ ਵੱਕਾਰੀ ਮੁਕਾਬਲੇ ਵਿੱਚੋਂ ਇੱਕ ਹੈ। ਇਸ ਦੇ ਸਰਪ੍ਰਸਤ ਯੂਨੈਸਕੋ ਅਤੇ ਆਈਐਫਆਈਪੀ ਵਰਗੀਆਂ ਵੱਕਾਰੀ ਸੰਸਥਾਵਾਂ ਹਨ।

ਐਲਗੋਰਿਦਮ ਅਤੇ ਕੋਡ ਦੀ ਦੁਨੀਆ ਵਿੱਚ, ਸ਼ੁਰੂਆਤੀ ਤੌਰ 'ਤੇ ਜ਼ੋਨਲ ਕੰਪਿਊਟਿੰਗ ਓਲੰਪੀਆਡ ਕਰਵਾਇਆ ਗਿਆ ਜਿਸ ਵਿੱਚ ਡੀਏਵੀ ਪਬਲਿਕ ਸਕੂਲ ਪਟਿਆਲਾ ਵਿਖੇ 11ਵੀਂ ਜਮਾਤ ਦੇ ਨਾਨ ਮੈਡੀਕਲ ਦੇ ਵਿਦਿਆਰਥੀ ਸਮਿਕ ਗੋਇਲ ਨੇ ਰਾਸ਼ਟਰੀ ਪੱਧਰ ਲਈ ਕੁਆਲੀਫਾਈ ਕੀਤਾ ਅਤੇ ਚਾਂਦੀ ਦਾ ਤਗਮਾ ਜਿੱਤਿਆ। ਰਾਸ਼ਟਰੀ ਪੱਧਰ 'ਤੇ ਚੁਣੇ ਗਏ 30 ਵਿਦਿਆਰਥੀਆਂ ਵਿੱਚੋਂ, 4 ਵਿਦਿਆਰਥੀਆਂ ਨੂੰ ਸਤੰਬਰ, 2024 ਵਿੱਚ ਮਿਸਰ ਵਿੱਚ ਹੋਣ ਵਾਲੇ ਸੂਚਨਾ ਵਿਗਿਆਨ ਵਿੱਚ 36ਵੇਂ ਅੰਤਰਰਾਸ਼ਟਰੀ ਓਲੰਪੀਆਡ ਲਈ ਭਾਰਤ ਦੀ ਨੁਮਾਇੰਦਗੀ ਕਰਨ ਲਈ ਚੁਣਿਆ ਗਿਆ ਸੀ। ਇਸ ਡਿਜੀਟਲ ਖੇਤਰ ਵਿੱਚ ਉਸਨੇ ਸਾਡੇ ਦੇਸ਼ ਲਈ ਮਾਣ ਪ੍ਰਾਪਤ ਕੀਤਾ ਅਤੇ ਸਿਲਵਰ ਮੈਡਲ ਅਤੇ 50,000 ਰੁਪਏ ਦਾ ਨਕਦ ਇਨਾਮ ਜਿੱਤ ਕੇ ਆਪਣੇ ਆਪ ਨੂੰ ਇੱਕ ਸੱਚਾ ਚੈਂਪੀਅਨ ਸਾਬਤ ਕੀਤਾ ਹੈ। ਸਮਿਕ ਅਤੇ ਉਸਦੇ ਮਾਤਾ-ਪਿਤਾ ਅਤੇ ਅਧਿਆਪਕਾਂ ਨੂੰ ਵਧਾਈ ਦਿੰਦੇ ਹੋਏ ਪ੍ਰਿੰਸੀਪਲ ਸ਼੍ਰੀ ਵਿਵੇਕ ਤਿਵਾਰੀ ਨੇ ਕਿਹਾ, ÷ਉਸਦੀ ਜਿੱਤ ਸੂਚਨਾ ਵਿਗਿਆਨ ਲਈ ਉਸ ਦੇ ਸਮਰਪਣ, ਹੁਨਰ, ਉੱਤਮਤਾ, ਮਿਹਨਤ, ਜਨੂੰਨ ਅਤੇ ਨਵੀਨਤਾ ਦਾ ਪ੍ਰਮਾਣ ਹੈ। ਉਸ ਨੇ ਆਪਣੇ ਹੁਨਰ ਅਤੇ ਲਗਨ ਨਾਲ ਜਿੱਤ ਪ੍ਰਾਪਤ ਕੀਤੀ। ਅਸਲ ਵਿੱਚ ਇਹ ਸਾਡੇ ਅਤੇ ਸਾਡੇ ਦੇਸ਼ ਲਈ ਇੱਕ ਮਾਣ ਵਾਲੀ ਗੱਲ ਹੈ। ਜ਼ਿਕਰਯੋਗ ਹੈ ਕਿ ਉਸ ਦੀ ਮਿਸਰ ਦੀ ਯਾਤਰਾ ਨੂੰ ਭਾਰਤੀ ਸਰਕਾਰ ਦੁਆਰਾ ਸਪਾਂਸਰ ਕੀਤਾ ਗਿਆ ਸੀ।

ਡਿਪਟੀ ਕਮਿਸ਼ਨਰ ਸੁਚੱਜੇ ਪਰਾਲੀ ਪ੍ਰਬੰਧਨ ਲਈ ਪਿੰਡਾਂ 'ਚ ਪੁੱਜੇ, ਕਿਸਾਨਾਂ ਨਾਲ ਕੀਤੀ ਸਿੱਧੀ ਗੱਲਬਾਤ

➢ ਵਾਤਾਵਰਣ ਨੂੰ ਪਲੀਤ ਹੋਣ ਤੋਂ ਰੋਕਣ ਲਈ ਕਿਸਾਨ ਪਰਾਲੀ ਪ੍ਰਬੰਧਨ ਲਈ ਇੰਨ ਸੀਟੂ ਤੇ ਐਕਸ ਸੀਟੂ ਤਕਨੀਕਾਂ ਅਪਣਾਉਣ : ਡੀ.ਸੀ. ➢ ਡਿਪਟੀ ਕਮਿਸ਼ਨਰ ਨੇ ਪਿਛਲੇ ਸਾਲ ਪਰਾਲੀ ਨੂੰ ਅੱਗ ਨਾ ਲਗਾਉਣ ਵਾਲੇ ਕਿਸਾਨਾਂ ਨੂੰ ਪਿੰਡਾਂ 'ਚ ਜਾ ਸਨਮਾਨਿਆ

ਪਟਿਆਲਾ, 15 ਸਤੰਬਰ
-ਅਮਰਜੀਤ ਸਿੰਘ ਲਾਂਬਾ-
-ਕੌਮੀ ਪੱਤ੍ਰਿਕਾ ਬਿਊਰੋ-

ਡਿਪਟੀ ਕਮਿਸ਼ਨਰ ਸ਼ੌਕਤ ਅਹਿਮਦ ਪਰੇ ਨੇ ਅਗਾਮੀ ਸੀਜ਼ਨ ਦੌਰਾਨ ਬਿਨਾਂ ਅੱਗ ਲਗਾਏ ਪਰਾਲੀ ਨੂੰ ਸੰਭਾਲਣ ਲਈ ਪਿੰਡਾਂ 'ਚ ਜਾ ਕੇ ਕਿਸਾਨਾਂ ਨਾਲ ਵਿਚਾਰ ਵਟਾਂਦਰਾ ਕੀਤਾ ਅਤੇ ਪਿਛਲੇ ਸਾਲ ਪਰਾਲੀ ਨੂੰ ਅੱਗ ਨਾ ਲਗਾਉਣ ਵਾਲੇ ਕਿਸਾਨਾਂ ਨੂੰ ਸਨਮਾਨਿਆ। ਇਸ ਮੌਕੇ ਉਨ੍ਹਾਂ ਦੇ ਨਾਲ ਐਸ.ਡੀ.ਐਮ. ਸਮਾਣਾ ਰਿਚਾ ਗੋਇਲ, ਜ਼ਿਲ੍ਹਾ ਖੇਤੀਬਾੜੀ ਅਫ਼ਸਰ ਜਸਵਿੰਦਰ ਸਿੰਘ ਤੇ ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ ਦੇ ਐਕਸੀਅਨ ਗੁਰਕਰਨ ਸਿੰਘ ਵੀ ਮੌਜੂਦ ਸਨ।

ਡਿਪਟੀ ਕਮਿਸ਼ਨਰ ਸ਼ੌਕਤ ਅਹਿਮਦ ਪਰੇ ਕਿਸਾਨਾਂ ਨਾਲ ਪਰਾਲੀ ਪ੍ਰਬੰਧਨ ਸਬੰਧੀ ਗੱਲਬਾਤ ਕਰਦੇ ਹੋਏ। ਫ਼ੋਟੋ :ਮਨੀਸ਼

ਸ਼ੌਕਤ ਅਹਿਮਦ ਪਰੇ ਨੇ ਜ਼ਿਲ੍ਹੇ 'ਚ ਪਿਛਲੇ ਸਾਲ ਸਭ ਤੋਂ ਵੱਧ ਅੱਗ ਲੱਗਣ ਦੀਆਂ ਘਟਨਾਵਾਂ ਸਾਹਮਣੇ ਆਉਣ ਵਾਲੇ ਪਿੰਡ ਤਲਵੰਡੀ ਮਲਿਕ ਤੇ ਘੱਗਾ ਦੇ ਕਿਸਾਨਾਂ ਨਾਲ ਖੁੱਲ੍ਹੀ ਵਿਚਾਰ ਚਰਚਾ ਕੀਤੀ ਅਤੇ ਪਹਿਲਾਂ ਕਿਸਾਨਾਂ ਦੀਆਂ ਮੁਸ਼ਕਲਾਂ ਨੂੰ ਸੁਣਿਆਂ ਤੇ ਫੇਰ ਉਨ੍ਹਾਂ ਦੇ ਹੱਲ ਲਈ ਮੌਕੇ 'ਤੇ ਹੀ ਸਬੰਧਤ ਵਿਭਾਗਾਂ ਨੂੰ ਨਿਰਦੇਸ਼ ਦਿੱਤੇ। ਉਨ੍ਹਾਂ ਕਿਹਾ ਕਿ ਪਰਾਲੀ ਪ੍ਰਬੰਧਨ ਕਰਨ ਲਈ ਕਿਸਾਨਾਂ ਦਾ ਸਹਿਯੋਗ ਬਹੁਤ ਜ਼ਰੂਰੀ ਹੈ ਤੇ ਜ਼ਿਲ੍ਹਾ ਪ੍ਰਸ਼ਾਸਨ ਕਿਸਾਨਾਂ ਨੂੰ ਇੰਨ ਸੀਟੂ ਤੇ ਐਕਸ ਸੀਟੂ ਦੋਵਾਂ ਤਕਨੀਕਾਂ ਨਾਲ ਪਰਾਲੀ ਪ੍ਰਬੰਧਨ ਕਰਨ ਲਈ ਪੂਰਨ ਸਹਿਯੋਗ ਕਰੇਗਾ। ਉਨ੍ਹਾਂ ਪਿੰਡ ਤਲਵੰਡੀ ਮਲਿਕ ਤੇ ਘੱਗਾ ਦੇ ਕਿਸਾਨਾਂ ਨੂੰ ਕਿਹਾ ਕਿ ਐਕਸ ਸੀਟੂ ਰਾਹੀਂ ਪਰਾਲੀ ਪ੍ਰਬੰਧਨ ਕਰਨ ਲਈ ਬੇਲਰ ਤੇ ਇੰਨ ਸੀਟੂ ਲਈ ਲੋੜੀਂਦੀ ਮਸ਼ੀਨਰੀ ਸਮੇਂ ਸਿਰ ਉਪਲਬੱਧ ਕਰਵਾਈ ਜਾਵੇਗੀ। ਇਸ ਮੌਕੇ ਕਿਸਾਨਾਂ ਨੇ ਵੀ ਇਸ ਵਾਰ ਪਰਾਲੀ ਨੂੰ ਅੱਗ ਨਾ ਲਗਾਉਣ ਦਾ ਅਹਿਦ ਲਿਆ।

ਡਿਪਟੀ ਕਮਿਸ਼ਨਰ ਨੇ ਦੋਵੇਂ ਪਿੰਡਾਂ ਦੇ ਕਿਸਾਨਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਕਿਸਾਨ ਇਸ ਵਾਰ ਡੇਮੋ ਦੇ ਤੌਰ 'ਤੇ 25 ਤੋਂ 30 ਏਕੜ ਰਕਬੇ 'ਚ ਸਰਫੇਸ ਸੀਡਰ ਨਾਲ ਕਣਕ ਦੀ ਬਿਜਾਈ ਜ਼ਰੂਰ ਕਰਨ। ਉਨ੍ਹਾਂ ਕਿਹਾ ਕਿ ਨਵੀਆਂ ਤਕਨੀਕਾਂ ਦੀ ਵਰਤੋਂ ਕਰਕੇ ਪਰਾਲੀ ਦਾ ਨਿਪਟਾਰਾ ਆਸਾਨੀ ਨਾਲ ਕੀਤਾ ਜਾ ਸਕਦਾ ਹੈ।

ਉਨ੍ਹਾਂ ਕਿਹਾ ਕਿ ਪਰਾਲੀ ਨੂੰ ਅੱਗ ਲਗਾ ਕੇ ਖਤਮ ਕਰਨਾ ਕੋਈ ਸਮੱਸਿਆ ਦਾ ਹੱਲ ਨਹੀਂ ਹੈ। ਇਸ ਨਾਲ ਅਸੀਂ ਖੇਤਾਂ ਨੂੰ ਤਾਂ ਰਹਿੰਦ ਖੂੰਹਦ ਤੋਂ ਖਾਲੀ ਕਰ ਦਿੰਦੇ ਹਾਂ, ਪਰ ਵਾਤਾਵਰਣ ਨੂੰ ਦੂਸ਼ਿਤ ਕਰਕੇ ਆਪਣੇ ਆਪ ਨੂੰ ਤੇ ਆਪਣੇ ਪਰਿਵਾਰ ਨੂੰ ਕਈ ਬਿਮਾਰੀਆਂ ਦਾ ਸ਼ਿਕਾਰ ਬਣਾ ਲੈਂਦੇ ਹਾਂ।

ਡਿਪਟੀ ਕਮਿਸ਼ਨਰ ਨੇ ਪਿਛਲੇ ਸਾਲ ਪਰਾਲੀ ਨੂੰ ਅੱਗ ਨਾ ਲਗਾਉਣ ਵਾਲੇ ਕਿਸਾਨ ਅਮਰਿੰਦਰ ਸਿੰਘ, ਕੁਲਦੀਪ ਸਿੰਘ, ਕਰਨਦੀਪ ਸਿੰਘ, ਕੁਲਦੀਪ ਕੁਮਾਰ, ਨਿਰਮਲ ਸਿੰਘ ਅਤੇ ਸਰਬਜੀਤ ਸਿੰਘ ਦਾ ਵਿਸ਼ੇਸ਼ ਤੌਰ 'ਤੇ ਸਨਮਾਨ ਕੀਤਾ ਅਤੇ ਹੋਰਨਾਂ ਕਿਸਾਨਾਂ ਨੂੰ ਵੀ ਪਰਾਲੀ ਪ੍ਰਬੰਧਨ 'ਚ ਸਹਿਯੋਗ ਕਰਨ ਦੀ ਅਪੀਲ ਕੀਤੀ।

ਇਸ ਮੌਕੇ ਖੇਤੀਬਾੜੀ ਅਫ਼ਸਰ ਸਤੀਸ਼ ਕੁਮਾਰ, ਪੀ.ਪੀ.ਸੀ.ਬੀ ਦੇ ਐਸ.ਡੀ.ਓ. ਮੋਹਿਤ ਸਿੰਗਲਾ, ਖੇਤੀਬਾੜੀ ਵਿਸਥਾਰ ਅਫ਼ਸਰ ਰਵਿੰਦਰਪਾਲ ਸਿੰਘ ਚੱਠਾ ਤੇ ਪ੍ਰਭਦੀਪ ਸਿੰਘ ਵੀ ਮੌਜੂਦ ਸਨ।

ਸ.ਫ਼ਲਤਾ ਲਈ ਵਿਦਿਆਰਥੀ ਸ.ਖ਼ਤ ਮਿਹਨਤ ਦੇ ਨਾਲ-ਨਾਲ ਸਵੈ-ਪੜਚੋਲ ਵੀ ਕਰਦੇ ਰਹਿਣ: ਏ.ਡੀ.ਸੀ. ਕੰਚਨ

ਪਟਿਆਲਾ, 15 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਪਟਿਆਲਾ ਦੇ ਵਧੀਕ ਡਿਪਟੀ ਕਮਿਸ਼ਨਰ (ਜ) ਕੰਚਨ ਨੇ ਵਿਦਿਆਰਥੀਆਂ ਨੂੰ ਕਿਹਾ ਹੈ ਕਿ ਆਪਣੇ ਦੇਸ਼ 'ਚ ਰਹਿ ਕੇ ਕੀਤਾ ਜਾਣ ਵਾਲਾ ਹਰੇਕ ਕਾਨੂੰਨੀ ਕੰਮ ਦੇਸ਼ ਦੀ ਸੇਵਾ ਹੀ ਹੈ, ਇਸ ਲਈ ਕੋਈ ਵਿਦਿਆਰਥੀ ਇਸ ਗੱਲੋਂ ਨਿਰਾਸ਼ ਨਾ ਹੋਵੇ ਕਿ ਜੇਕਰ ਉਸਦਾ ਮੁਕਾਬਲੇ ਦੀ ਪ੍ਰੀਖਿਆ ਦਾ ਇਮਤਿਹਾਨ ਪਾਸ ਨਹੀਂ ਹੋਵੇਗਾ ਤਾਂ ਉਹ ਦੇਸ਼ ਦੀ ਸੇਵਾ ਨਹੀਂ ਕਰ ਸਕੇਗਾ। ਉਨ੍ਹਾਂ ਵਿਦਿਆਰਥੀਆਂ ਨੂੰ ਸਲਾਹ ਦਿੱਤੀ ਕਿ ਉਹ ਸਫ਼ਲਤਾ ਲਈ ਸਖ਼ਤ ਮਿਹਨਤ ਦੇ ਨਾਲ-ਨਾਲ ਸਵੈ ਪੜ੍ਹਚੋਲ ਵੀ ਲਗਾਤਾਰ ਕਰਦੇ ਰਹਿਣ।

ਏ.ਡੀ.ਸੀ. ਕੰਚਨ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ (ਡੀਬੀਈਈ) ਪਟਿਆਲਾ ਵੱਲੋਂ ਕਰਵਾਏ ਗਏ ਆਪਣੇ 'ਕੌਫੀ ਵਿਦ ਆਫ਼ਿਸਰ' ਪਹਿਲਕਦਮੀ ਦੇ 5ਵੇਂ ਸੈਸ਼ਨ ਮੌਕੇ ਸਕੂਲੀ ਵਿਦਿਆਰਥੀਆਂ ਦੇ ਰੂਬਰੂ ਹੋਏ। ਥਾਪਰ ਇੰਸਟੀਚਿਊਟ ਆਫ ਇੰਜਨੀਅਰਿੰਗ ਐਂਡ ਟੈਕਨਾਲੋਜੀ ਦੇ ਆਡੀਟੋਰੀਅਮ ਵਿਖੇ ਪਟਿਆਲਾ ਦੇ 18 ਸਰਕਾਰੀ ਸਕੂਲਾਂ ਦੇ 250 ਹੋਣਹਾਰ ਵਿਦਿਆਰਥੀਆਂ ਨੇ ਏ.ਡੀ.ਸੀ ਨਾਲ ਸਿੱਧੀ ਗੱਲਬਾਤ ਕੀਤੀ।

ਏ.ਡੀ.ਸੀ. ਕੰਚਨ ਨੇ ਆਈ.ਏ.ਐਸ. ਅਫ਼ਸਰ ਬਣਨ ਦੀ ਆਪਣੀ ਪ੍ਰੇਰਣਾਦਾਇਕ ਕਹਾਣੀ ਸਾਂਝੀ ਕਰਦਿਆਂ, ਆਪਣੀ ਤਿਆਰੀ ਦੀ ਰਣਨੀਤੀ ਤੇ ਜੋ ਰੁਕਾਵਟਾਂ ਪਾਰ ਕੀਤੀਆਂ, ਬਾਰੇ ਦੱਸਣ ਸਮੇਤ ਵਿਦਿਆਰਥੀਆਂ ਨੂੰ ਆਪਣੇ ਕੈਰੀਅਰ ਦੇ ਟੀਚਿਆਂ ਦੀ ਪ੍ਰਾਪਤੀ ਦੌਰਾਨ ਤਣਾਅ ਅਤੇ ਚੁਣੌਤੀਆਂ ਨਾਲ ਨਜਿੱਠਣ ਲਈ ਵੱਡਮੁੱਲੀ ਸਲਾਹ ਦਿੱਤੀ। ਉਨ੍ਹਾਂ ਨੇ ਵਿਦਿਆਰਥੀਆਂ ਦੀ ਕਰੀਅਰ ਦੀ ਯੋਜਨਾਬੰਦੀ, ਟੀਚਾ ਨਿਰਧਾਰਨ, ਅਤੇ ਪ੍ਰਭਾਵਸ਼ਾਲੀ ਸਮਾਂ ਪ੍ਰਬੰਧਨ ਨਾਲ ਸਬੰਧਤ ਸਵਾਲਾਂ ਦੇ ਜਵਾਬ ਦਿੱਤੇ।

ਏ.ਡੀ.ਸੀ. ਨੇ ਵਿਦਿਆਰਥੀਆਂ ਨੂੰ ਧਿਆਨ ਭੜਕਾਊ ਸੋਸ਼ਲ ਮੀਡੀਆ ਪਲੈਟਫਾਰਮਾਂ ਤੋਂ ਦੂਰੀ ਬਣਾ ਕੇ ਰੱਖਣ ਸਮੇਤ ਸਖ਼ਤ ਮਿਹਨਤ ਕਰਨ, ਸਬਜੈਕਟਾਂ ਦੀ ਚੋਣ ਰੁਚੀ ਮੁਤਾਬਕ ਕਰਨ ਅਤੇ ਵਿੱਦਿਅਕ ਕਲਾਸਾਂ ਵਿੱਚ ਪ੍ਰਾਪਤ ਅੰਕਾਂ ਨੂੰ ਇੰਟੈਲੀਜੈਂਟ ਹੋਣ ਦਾ ਮਾਪਦੰਡ ਨਾ ਬਣਾਉਣ ਦੀ ਵੀ ਸਲਾਹ ਦਿੱਤੀ। ਉਨ੍ਹਾਂ ਬੱਚਿਆਂ ਨੂੰ ਪ੍ਰੇਰਿਤ ਕੀਤਾ ਕਿ ਉਹ ਆਪਣੇ ਮਾਪਿਆਂ ਨਾਲ ਬੈਠਕੇ ਆਪਣੇ ਕਰੀਅਰ ਬਾਰੇ ਜਰੂਰ ਵਿਚਾਰ ਚਰਚਾ ਕਰਨ। ਜਿਕਰਯੋਗ ਹੈ ਕਿ ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ) ਡਾ. ਹਰਜਿੰਦਰ ਸਿੰਘ ਬੇਦੀ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ ਨਿਰਦੇਸ਼ਾਂ ਮੁਤਾਬਕ ਇਹ ਨਿਵੇਕਲੀ ਪਹਿਲਕਦਮੀ ਜ਼ਿਲ੍ਹੇ ਦੇ ਵਿਦਿਆਰਥੀਆਂ ਨੂੰ ਪ੍ਰਸ਼ਾਸਨਿਕ ਅਧਿਕਾਰੀਆਂ ਨਾਲ ਮਿਲਾਕੇ ਵਿਦਿਆਰਥੀਆਂ ਨੂੰ ਮੁਕਾਬਲੇ ਦੀਆਂ ਪ੍ਰੀਖਿਆਵਾਂ ਲਈ ਤਿਆਰ ਕਰਨ ਲਈ ਸ਼ੁਰੂ ਕੀਤੀ ਸੀ। ਇਸ ਮੌਕੇ ਥਾਪਰ ਇੰਸਟੀਚਿਊਟ ਦੇ ਸਿਖਲਾਈ ਵਿਭਾਗ ਤੋਂ ਵਰਲੀਨ ਕੌਰ, ਡੀ.ਬੀ.ਈ.ਈ ਦੇ ਡਿਪਟੀ ਸੀ.ਈ.ਓ ਸਤਿੰਦਰ ਸਿੰਘ, ਕੈਰੀਅਰ ਕਾਊਂਸਲਰ ਡਾ. ਰੂਪਸੀ ਪਾਹੂਜਾ ਅਤੇ ਸਿੱਖਿਆ ਵਿਭਾਗ ਤੋਂ ਜ਼ਿਲ੍ਹਾ ਗਾਈਡੈਂਸ ਕਾਊਂਸਲਰ ਇੰਦਰਪ੍ਰੀਤ ਸਿੰਘ ਨੇ ਵੀ ਸਰਕਾਰੀ ਖੇਤਰ ਦੇ ਕੈਰੀਅਰ ਦੇ ਮੌਕਿਆਂ ਬਾਰੇ ਗੱਲਬਾਤ ਕੀਤੀ।ਉਹਨਾਂ ਨੇ ਕੈਰੀਅਰ ਦੇ ਟੀਚੇ ਮਿਥਣ, ਨਿੱਜੀ ਸ਼ਕਤੀਆਂ ਅਤੇ ਕਮਜ਼ੋਰੀਆਂ ਦੀ ਪਛਾਣ ਕਰਨ, ਅਤੇ ਸਵੈ-ਰੁਜ਼ਗਾਰ ਲਈ ਆਤਮ-ਵਿਸ਼ਵਾਸ ਵਧਾਉਣ ਬਾਰੇ ਕੀਮਤੀ ਮਾਰਗਦਰਸ਼ਨ ਵੀ ਪ੍ਰਦਾਨ ਕੀਤਾ।

ਹੈਲਥ ਕੇਅਰ ਪ੍ਰੋਫੈਸ਼ਨਲਜ਼ ਕਮੇਟੀ ਨੇ ਕੀਤੀ ਮੀਟਿੰਗ

ਸ੍ਰੀ ਅਨੰਦਪੁਰ ਸਾਹਿਬ, 15 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਰਾਜਪਾਲ ਸਿੰਘ ਸੋਖੋਂ ਉਪ ਮੰਡਲ ਮੈਜਿਸਟਰੇਟ ਸ੍ਰੀ ਅਨੰਦਪੁਰ ਸਾਹਿਬ ਦੀ ਅਗਵਾਈ ਹੇਠ 'ਪ੍ਰੀਵੈਨਸ਼ਨ ਆਫ ਵਾਇਓਲੈਂਸ ਅਗੇਂਸਟ ਹੈਲਥ ਕੇਅਰ ਪ੍ਰੋਫੇਸ਼ਨਲਜ਼ ਕਮੇਟੀ' ਦੀ ਮੀਟਿੰਗ ਅੱਜ ਉਪ ਮੰਡਲ ਦੇ ਮੀਟਿੰਗ ਹਾਲ ਵਿੱਚ ਹੋਈ। ਐੱਸ.ਡੀ.ਐਮ. ਵੱਲੋਂ ਮੈਡੀਕਲ ਤੇ ਪੈਰਾ ਮੈਡੀਕਲ ਸਟਾਫ਼ ਦੀ ਸੁਰੱਖਿਆ ਨੂੰ ਯਕੀਨੀ ਕਰਨ ਲਈ ਸ੍ਰੀ ਅਨੰਦਪੁਰ ਸਾਹਿਬ, ਨੂਰਪੁਰ ਬੇਦੀ ਤੇ ਕੀਰਤਪੁਰ ਸਾਹਿਬ ਅਧੀਨ ਸਰਕਾਰੀ/ਪ੍ਰਾਈਵੇਟ ਕਲੀਨਿਕਾਂ 'ਚ ਸੀ.ਸੀ.ਟੀ.ਵੀ ਕੈਮਰਿਆਂ ਨੂੰ ਯਕੀਨੀ ਕਰਨ ਦੀ ਹਦਾਇਤ ਜਾਰੀ ਕੀਤੀ ਗਈ। ਉਨ੍ਹਾਂ ਕਿਹਾ ਕਿ ਸਬ-ਡਵੀਜ਼ਨ ਕਮੇਟੀਆਂ ਦਾ ਗਠਨ ਕਰ ਕੇ ਮਹੀਨਾਵਾਰ ਰਿਪੋਰਟ ਸਿਵਲ ਸਰਜਨ ਰੂਪਨਗਰ ਦਫ਼ਤਰ ਨੂੰ ਭੇਜਣੀ ਯਕੀਨੀ ਬਣਾਈ ਜਾਵੇ।

ਹਸਪਤਾਲਾਂ 'ਚ 'ਪ੍ਰੀਵੈਨਸ਼ਨ ਆਫ ਵਾਇਓਲੈਂਸ ਅਗੇਂਸਟ ਹੈਲਥ ਕੇਅਰ ਪ੍ਰੋਫੇਸ਼ਨਲਜ਼ ਕਮੇਟੀ ਐਂਡ ਡੈਮੇਜ਼ ਆਫ ਪ੍ਰੋਪਰਟੀ ਐਕਟ 2008 ਅਧੀਨ ਕਾਰਵਾਈ ਸਬੰਧੀ ਆਮ ਪਬਲਿਕ ਨੂੰ ਜਾਗਰੂਕ ਕਰਨ ਲਈ ਅੰਗਰੇਜ਼ੀ ਤੇ ਪੰਜਾਬੀ 'ਚ ਡਿਸਪਲੇ ਬੋਰਡ ਹਸਪਤਾਲਾਂ 'ਚ ਲਾਏ ਜਾਣ ਅਤੇ ਸਮੂਹ ਸਰਕਾਰੀ/ਪ੍ਰਾਈਵੇਟ ਕਲੀਨਿਕਾਂ ਅਧੀਨ ਆਉਂਦੇ ਮੈਡੀਕਲ ਤੇ ਪੈਰਾ ਮੈਡੀਕਲ ਸਟਾਫ ਨੂੰ ਫੋਟੋ ਆਈਡੀ ਕਾਰਡ ਜਾਰੀ ਕਰਨਾ ਯਕੀਨੀ ਬਣਾਇਆ ਜਾਵੇ।

ਐਸ.ਡੀ.ਐਮ ਨੇ ਦੱਸਿਆ ਕਿ ਜਦੋ ਕੋਈ ਪਰਿਵਾਰ ਮਰੀਜ਼ ਨੂੰ ਲੈ ਕੇ ਹਸਪਤਾਲ ਵਿਚ ਆਉਦਾ ਹੈ ਉਸ ਸਮੇ ਸਥਿਤੀ ਬਹੁਤ ਸੰਵੇਦਨਸ਼ੀਲ ਹੁੰਦੀ ਹੈ, ਮਰੀਜ਼ ਦੇ ਪਰਿਵਾਰਕ ਮੈਂਬਰਾਂ ਨੂੰ ਵੀ ਠਰਮਾ ਵਰਤਣਾ ਚਾਹੀਦਾ ਹੈ ਅਤੇ ਮੈਡੀਕਲ ਤੇ ਪੈਰਾ ਮੈਡੀਕਲ ਸਟਾਫ ਨੂੰ ਵੀ ਧੀਰਜ ਰੱਖ ਕੇ ਉਸ ਪਰਿਵਾਰ ਨੂੰ ਸਾਰੀ ਜਾਣਕਾਰੀ ਦੇਣੀ ਚਾਹੀਦੀ ਹੈ ਤਾਂ ਜੋ ਉਸ ਸਥਿਤੀ ਸੁਹਿਰਦ ਵਾਤਾਵਰਣ ਕਾਇਮ ਰਹੇ।

ਖਾਲਸਾ ਕਾਲਜ ਵੱਲੋਂ ਕੱਢਿਆ ਗਿਆ ਗੁਰਮਤਿ ਚੇਤਨਾ ਮਾਰਚ

ਸ੍ਰੀ ਗੁਰੂ ਅਮਰਦਾਸ ਜੀ ਦੇ ਜੋਤੀ-ਜੋਤਿ ਦਿਵਸ 450 ਸਾਲਾ ਸ਼ਤਾਬਦੀ ਅਤੇ ਸ੍ਰੀ ਗੁਰੂ ਰਾਮਦਾਸ ਜੀ ਦੇ 450 ਸਾਲਾ ਗੁਰਿਆਈ ਦਿਵਸ ਨੂੰ ਕੀਤਾ ਗਿਆ ਸਮਰਪਿਤ

ਸ੍ਰੀ ਅਨੰਦਪੁਰ ਸਾਹਿਬ, 15 ਸਤੰਬਰ
-ਸਚਿਨ ਸੋਨੀ/ਰਾਜੂ ਧੀਮਾਨ-
-ਕੌਮੀ ਪੱਤ੍ਰਿਕਾ ਬਿਊਰੋ-

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧਾਂ ਅਧੀਨ ਚੱਲ ਰਹੀ ਸਥਾਨਕ ਵਿੱਦਿਅਕ ਸੰਸਥਾ ਸ੍ਰੀ ਗੁਰੂ ਤੇਗ ਬਹਾਦਰ ਖਾਲਸਾ ਕਾਲਜ ਵਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਦਿਸ਼ਾ ਨਿਰਦੇਸ਼ਾਂ ਅਧੀਨ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਭਾਈ ਅਮਰਜੀਤ ਸਿੰਘ ਚਾਵਲਾ ਦੀ ਅਗਵਾਈ ਵਿੱਚ ਸ੍ਰੀ ਗੁਰੂ ਰਾਮਦਾਸ ਜੀ ਦੇ 450 ਸਾਲਾ ਗੁਰਿਆਈ ਦਿਵਸ ਅਤੇ ਸ੍ਰੀ ਗੁਰੂ ਅਮਰਦਾਸ ਜੀ ਦੇ ਜੋਤੀ-ਜੋਤਿ ਦਿਵਸ 450 ਸਾਲਾ ਸ਼ਤਾਬਦੀ ਨੂੰ ਸਮਰਪਿਤ ਅਥਾਹ ਸ਼ਰਧਾ ਭਾਵਨਾ ਨਾਲ ਗੁਰਮਤਿ ਚੇਤਨਾ ਮਾਰਚ ਕੱਢਿਆ ਗਿਆ। ਇਸ ਉਪਰੰਤ ਕਾਲਜ ਦੇ ਸਟਾਫ ਤੇ ਵਿਦਿਆਰਥੀਆਂ ਵੱਲੋਂ ਗੁਰਮਤਿ ਚੇਤਨਾ ਮਾਰਚ ਕਾਲਜ ਤੋਂ ਲੈ ਕੇ ਤਖਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਸੰਪੂਰਨ ਕੀਤਾ ਗਿਆ।ਇਸ ਸਮਾਗਮ ਵਿੱਚ ਭਾਈ ਅਮਰਜੀਤ ਸਿੰਘ ਚਾਵਲਾ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਹੋਰ ਨੁਮਾਇੰਦਿਆਂ ਦੁਆਰ

ਖੁੰਬਾਂ ਦੀ ਕਾਸ਼ਤ

• ਪਰਮਬੀਰ ਸਿੰਘ ਕਾਹਲੋਂ

ਖੁੰਬਾਂ ਦੀ ਕਾਸ਼ਤ ਇਕ ਅਜਿਹਾ ਖੇਤੀ ਸਹਾਇਕ ਧੰਦਾ ਹੈ ਜਿਸ ਤੋਂ ਕਿਸਾਨ ਚੋਖੀ ਆਮਦਨ ਲੈ ਸਕਦੇ ਹਨ। ਖੁੰਬਾਂ ਦੀ ਕਾਸ਼ਤ ਕੋਈ ਔਖੀ ਨਹੀਂ। ਇਸ ਫਸਲ ਦੀ ਕਾਸ਼ਤ ਥੋੜ੍ਹੇ ਜਿਹੀ ਥਾਂ 'ਚ ਕੀਤੀ ਜਾ ਸਕਦੀ ਹੈ। 300 ਕਿਲੋ ਸੁੱਕੀ ਤੂੜੀ ਦੀ ਕੰਪੋਸਟ ਵਿੱਚੋਂ 30 ਦਿਨਾਂ ਵਿਚ ਲਗਪਗ 80-100 ਕਿਲੋ ਖੁੰਬਾਂ ਤੋੜੀਆਂ ਜਾ ਸਕਦੀਆਂ ਹਨ। ਖੁੰਬਾਂ ਦੀ ਕਾਸ਼ਤ ਲਈ ਤੂੜੀ ਅਤੇ ਖਾਦਾਂ ਤੋਂ ਕੰਪੋਸਟ ਤਿਆਰ ਕੀਤੀ ਜਾਂਦੀ ਹੈ। ਕੰਪੋਸਟ ਤਿਆਰ ਕਰਨ ਲਈ ਤੂੜੀ 300 ਕਿਲੋ, 15 ਕਿਲੋ ਚੌਕਰ, 9 ਕਿਲੋ ਕਿਸਾਨ ਖਾਦ, 3 ਕਿਲੋ ਯੂਰੀਆ, 3 ਕਿਲੋ ਸੁਪਰ ਫਾਸਫੇਟ, 3 ਕਿਲੋ ਮਿਊਰੇਟ ਆਫ ਪੋਟਾਸ਼, 5 ਕਿਲੋ ਸੀਰਾ, 30 ਕਿਲੋ ਜਿਪਸਮ, 250 ਗਰਾਮ ਲਿੰਡੇਨ (5%) ਦਾ ਧੂੜਾ ਅਤੇ ਫਿਊਰਾਡਾਨ (3 ਜੀ) 150 ਗਰਾਮ ਚਾਹੀਦਾ ਹੈ। 9 ਕਿਲੋ ਕਿਸਾਨ ਖਾਦ ਅਤੇ 3 ਕਿਲੋ ਸੁਪਰ ਫਾਸਫੇਟ ਦੀ ਥਾਂ 1 ਕਿਲੋ ਡੀਏਪੀ ਅਤੇ 6.5 ਕਿਲੋ ਯੂਰੀਆ ਵੀ ਪਾਏ ਜਾ ਸਕਦੇ ਹਨ।

ਖੁੰਬਾਂ ਦੀ ਤੁੜਾਈ

ਖੁੰਬਾਂ ਹਰ ਰੋਜ਼ ਇਕ ਸਮੇਂ 'ਤੇ ਤੋੜੀਆਂ ਜਾ ਸਕਦੀਆਂ ਹਨ। ਖੁੰਬਾਂ ਨੂੰ ਟੋਪੀ ਤੋਂ ਪਕੜ ਕੇ ਹਲਕਾ ਜਿਹਾ ਦਬਾ ਕੇ ਘੁਮਾਉ ਅਤੇ ਉੱਪਰ ਖਿੱਚ ਲਵੋ। ਹੇਠਲਾ ਮਿੱਟੀ ਵਾਲਾ ਹਿੱਸਾ ਚਾਕੂ ਨਾਲ ਕੱਟ ਦਿਉ।

ਪਾਣੀ ਅਤੇ ਹਵਾ ਦਾ ਸੰਚਾਰ

ਬਿਜਾਈ ਬਾਅਦ ਰੋਜ਼ ਪਾਣੀ ਦਾ ਛਿੜਕਾਅ ਕੀਤਾ ਜਾਂਦਾ ਹੈ। ਖੁੰਬਾਂ ਫੁੱਟਣ ਉਪਰੰਤ ਹਵਾ ਦਾ ਸੰਚਾਰ 6-8 ਘੰਟੇ ਪ੍ਰਤੀ ਦਿਨ ਕੀਤਾ ਜਾਂਦਾ ਹੈ।

ਕੰਪੋਸਟ ਤਿਆਰ ਕਰਨ ਦੀ ਵਿਧੀ

ਸਭ ਤੋਂ ਪਹਿਲਾਂ ਤੂੜੀ ਨੂੰ ਪੱਕੇ ਫ਼ਰਸ਼ ਤੇ ਖਿਲਾਰ ਕੇ ਸਾਫ਼ ਪਾਣੀ ਨਾਲ 48 ਘੰਟਿਆਂ ਲਈ ਗਿੱਲਾ ਕਰੋ। ਖਾਦਾਂ ਅਤੇ ਚੌਕਰ ਰਲਾ ਕੇ 24 ਘੰਟਿਆਂ ਲਈ ਸਿੱਲ੍ਹੇ ਰੱਖੋ। ਫੇਰ ਇਸ ਖਾਦਾਂ ਤੇ ਚੋਕਰ ਤੇ ਮਿਸ਼ਰਣ ਨੂੰ ਗਿੱਲੀ ਤੂੜੀ ਉੱਪਰ ਖਿਲਾਰ ਕੇ ਤੰਗਲੀ ਨਾਲ ਫਰੋਲੋ ਅਤੇ ਤਿਨ ਫੱਟਿਆਂ ਦੀ ਮੱਦਦ ਨਾਲ ਇਕ 5-5-5 ਫੁੱਟ ਦਾ ਢੇਰ ਲਗਾ ਕੇ ਫੱਟੇ ਹਟਾ ਦਿਉ। ਢੇਰ ਨੂੰ ਪਹਿਲਾਂ ਤਿੰਨ ਵਾਰ ਹਰ ਚੌਥੇ ਦਿਨ ਅਤੇ ਫਿਰ ਚਾਰ ਵਾਰ ਹਰ ਤੀਜੇ ਦਿਨ ਪਲਟੋ। ਸੀਰਾ, ਜਿਪਸਮ, ਫਿਊਰਾਡਾਨ ਅਤੇ ਲਿੰਡੇਨ ਨੂੰ ਪਹਿਲੀ, ਤੀਜੀ, ਛੇਵੀਂ ਅਤੇ ਸੱਤਵੀਂ ਪਲਟੀ ਤੇ ਪਾਉ। ਇਸ ਤਰ੍ਹਾਂ 24 ਦਿਨਾਂ ਵਿਚ ਕੰਪੋਸਟ ਤਿਆਰ ਕੀਤੀ ਜਾਂਦੀ ਹੈ। ਤੂੜੀ ਦੇ ਨਾਲ ਪਰਾਲੀ ਕੁਤਰ ਕੇ (2-5 ਇੰਚ) 1:1 ਜਾਂ 1:2 ਹਿੱਸੇ ਵਿਚ ਪਾਈ ਜਾ ਸਕਦੀ ਹੈ। ਪਰਾਲੀ ਅੱਠਵੇਂ ਦਿਨ ਪਾਉਣੀ ਚਾਹੀਦੀ ਹੈ। ਫਿਰ ਕੰਪੋਸਟ ਦੇ ਢੇਰ ਨੂੰ ਖੋਲ੍ਹ ਕੇ ਠੰਡਾ ਕੀਤਾ ਜਾਂਦਾ ਹੈ। ਉਸ ਵਿਚ ਨਮੀ (65-88%) ਅਤੇ ਪੀਐਚ (7.5-8.2) ਦੀ ਪਰਖ਼ ਕੀਤੀ ਜਾਂਦੀ ਹੈ। ਟਰੇਆਂ ਜਾਂ ਲਿਫ਼ਾਫ਼ਿਆਂ ਵਿਚ ਬੀਜ 300 ਗਰਾਮ ਪ੍ਰਤੀ ਵਰਗ ਮੀਟਰ ਦੇ ਹਿਸਾਬ ਸੱਤ ਇੰਚ ਕੰਪੋਸਟ ਵਿਚ ਰਲਾਇਆ ਜਾਂਦਾ ਹੈ। ਬੀਜ ਰਲੀ ਕੰਪੋਸਟ ਨੂੰ ਅਖ਼ਬਾਰ ਨਾਲ ਢੱਕ ਦਿੱਤਾ ਜਾਂਦਾ ਹੈ। ਇਸ ਉੱਪਰ ਹਰ ਰੋਜ਼ ਹਲਕਾ ਜਿਹਾ ਪਾਣੀ ਦਾ ਛਿੜਕਾਅ ਕੀਤਾ ਜਾਂਦਾ ਹੈ। ਬਿਜਾਈ ਦੇ 2-3 ਹਫ਼ਤਿਆਂ ਬਾਅਦ ਕੰਪੋਸਟ ਉੱਪਰ ਦੀ ਅਖ਼ਬਾਰ ਲਾਹ ਕੇ ਕੇਸਿੰਗ ਦੀ 1.5 ਸੈਂਟੀਮੀਟਰ ਦੀ ਤਹਿ ਲਗਾ ਦਿਉ। ਕੇਸਿੰਗ ਵਿਚ ਰੂੜੀ ਤੇ ਰੇਤਲੀ ਮਿੱਟੀ (4:1) ਹੁੰਦੀ ਹੈ ਜੋ ਕਿ 24 ਘੰਟਿਆਂ ਲਈ 4% ਫਾਰਮਲੇਨ ਦੇ ਘੋਲ ਨਾਲ ਜੀਵਾਣੂ ਰਹਿਤ ਕੀਤੀ ਜਾਂਦੀ ਹੈ।

ਖੁੰਬਾਂ ਦਾ ਫੁੱਟਣਾ

ਕੇਸਿੰਗ ਦੇ ਦੋ ਹਫ਼ਤੇ ਬਾਅਦ ਛੋਟੇ ਸਫ਼ੈਦ ਤਿਣਕੇ ਦਿਖਣੇ ਸ਼ੁਰੂ ਹੋ ਜਾਂਦੇ ਹਨ ਜੋ ਕਿ 4-5 ਦਿਨਾਂ ਵਿਚ ਖੁੰਬਾਂ ਦਾ ਆਕਾਰ ਲੈ ਲੈਂਦੇ ਹਨ। ਇਸ ਵੇਲੇ ਹਵਾ ਦਾ ਸੰਚਾਰ 6-8 ਘੰਟੇ ਪ੍ਰਤੀ ਦਿਨ ਤਕ ਵਧਾ ਦਿੱਤਾ ਜਾਂਦਾ ਹੈ।

ਖੁੰਬਾਂ ਦਾ ਮੰਡੀਕਰਨ

ਖੁੰਬਾਂ ਦਾ 200 ਗਰਾਮ ਦਾ ਪੈਕਟ ਇਕ ਸੋਮੀ ਲਿਫ਼ਾਫ਼ੇ ਵਿਚ ਭਰ ਕੇ ਆਪਣੀ ਨੇੜੇ ਦੀ ਮੰਡੀ ਵਿਚ ਭੇਜਿਆ ਜਾ ਸਕਦਾ ਹੈ। ਖੁੰਬਾਂ ਦੀ ਖੇਤੀ ਬਹੁਤ ਅਸਾਨ ਹੈ ਅਤੇ ਕਿਸਾਨ ਇਸ ਕਾਸ਼ਤ ਨੂੰ ਸਹਾਇਕ ਧੰਦੇ ਵਜੋਂ ਸ਼ੁਰੂ ਕਰਕੇ ਆਪਣੀ ਆਮਦਨ 'ਚ ਵਾਧਾ ਕਰ ਸਕਦੇ ਹਨ। •

ਚੰਗੇ ਮੁਨਾਫ਼ੇ ਲਈ ਕਰੋ ਬੀਜਾਂ ਦੀ ਸੋਧ

• ਅਮਰਜੀਤ ਸਿੰਘ, ਰਵਿੰਦਰ ਸਿੰਘ ਚੰਦੀ ਅਤੇ ਕੇਸ਼ਾਨੀ

ਟਿਕਾਊ ਖੇਤੀ ਲਈ ਕੁਦਰਤੀ ਸੋਮਿਆਂ ਦੀ ਸੰਭਾਲ ਕਰਨਾ ਅਜੋਕੇ ਸਮੇਂ ਦੀ ਮੰਗ ਹੈ। ਇਸ ਲਈ ਨਰੋਏ ਅਤੇ ਬਿਮਾਰੀ ਰਹਿਤ ਬੀਜ ਦੀ ਵਰਤੋਂ ਕਰਨਾ ਸਫ਼ਲ ਖੇਤੀਬਾੜੀ ਲਈ ਸਫ਼ਲਤਾ ਦੀ ਕੁੰਜੀ ਹੈ। ਜੇਕਰ ਬੀਜ ਦੀ ਕੁਆਲਟੀ ਵਧੀਆ ਹੈ ਤਾਂ ਹੀ ਖੇਤ ਵਿਚ ਬੂਟਿਆਂ ਦੀ ਗਿਣਤੀ ਪੂਰੀ ਕਰਕੇ ਭਰਪੂਰ ਫ਼ਸਲ ਲਈ ਜਾ ਸਕਦੀ ਹੈ। ਦੂਜੇ ਪਾਸੇ ਜੇਕਰ ਬੀਜ ਬਿਮਾਰੀ ਵਾਲਾ ਜਾਂ ਘਟੀਆ ਕੁਆਲਟੀ ਦਾ ਹੋਵੇ ਤਾਂ ਫ਼ਸਲ ਤੇ ਬਿਮਾਰੀ ਛੇਤੀ ਲੱਗ ਜਾਂਦੀ ਹੈ। ਜਿਸ ਵੱਜੋਂ ਖੇਤ ਵਿਚ ਬੂਟਿਆਂ ਦੀ ਗਿਣਤੀ ਘੱਟ ਹ�ो ਜਾਂਦੀ ਹੈ ਅਤੇ ਝਾੜ 'ਤੇ ਮਾੜਾ ਅਸਰ ਪੈਂਦਾ ਹੈ। ਬਹੁਤ ਸਾਰੀਆਂ ਬਿਮਾਰੀਆਂ ਦਾ ਮੁੱਖ ਸੋਮਾ ਬਿਮਾਰੀ ਵਾਲਾ ਬੀਜ ਹੈ ਅਤੇ ਬਿਮਾਰੀਆਂ ਬੀਜ ਰਾਹੀਂ ਹੀ ਇਕ ਥਾਂ ਤੋਂ ਦੂਜੇ ਥਾਂ ਫੈਲਦੀਆਂ ਹਨ। ਬਿਮਾਰੀ ਦੇ ਕਣ ਜਾਂ ਤਾਂ ਬੀਜ ਉੱਪਰ ਰਹਿੰਦੇ ਹਨ ਜਾਂ ਇਹ ਕਣ ਬੀਜ ਦੇ ਅੰਦਰ ਚਲੇ ਜਾਂਦੇ ਹਨ। ਬਿਮਾਰੀਆਂ ਦੀ ਸਰਵਪੱਖੀ ਰੋਕਥਾਮ ਲਈ ਬਿਮਾਰੀ ਦਾ ਟਾਕਰਾ ਕਰਨ ਵਾਲੇ ਬੀਜਾਂ ਦੀ ਚੋਣ ਕਰਨਾ ਮਹੱਤਵਪੂਰਨ ਕਦਮ ਹੈ।

ਅਜਿਹਾ ਕਰਨ ਨਾਲ ਮਿੱਟੀ ਵਿਚ ਰਹਿਣ ਵਾਲੀਆਂ ਬਿਮਾਰੀਆਂ ਦਾ ਹੱਲਾ ਵੀ ਫ਼ਸਲ ਤੇ ਛੇਤੀ ਨਹੀਂ ਹੁੰਦਾ । ਬੀਜ ਅਤੇ ਮਿੱਟੀ ਵਿਚ ਰਹਿਣ ਵਾਲੀਆਂ ਬਹੁਤ ਸਾਰੀਆਂ ਬਿਮਾਰੀਆਂ ਨੂੰ ਬੀਜ ਦੀ ਸੋਧ ਕਰਕੇ ਚੰਗੀ ਤਰ੍ਹਾਂ ਰੋਕਿਆ ਜਾ ਸਕਦਾ ਹੈ। ਬੀਜ ਦੀ ਸੋਧ ਨਾਲ ਉੱਲੀਨਾਸ਼ਕ ਜਾਂ ਰਸਾਇਣਾਂ 'ਤੇ ਘੱਟ ਖਰਚਾ ਹੀ ਨਹੀਂ ਆਉਂਦਾ, ਸਗੋਂ ਇਸ ਨਾਲ ਲੇਬਰ ਵੀ ਘੱਟ ਲੱਗਦੀ ਹੈ ਅਤੇ ਵਾਤਾਵਰਨ ਵੀ ਦੂਸ਼ਿਤ ਨਹੀਂ ਹੁੰਦਾ। ਪਰ ਇੱਥੇ ਇਹ ਜ਼ਰੂਰੀ ਹੈ ਕਿ ਬੀਜ ਦੀ ਸੋਧ ਕਰਨ ਤੋਂ ਪਹਿਲਾਂ ਇਹ ਸਮਝਣਾ ਪਵੇਗਾ ਕਿ ਕਿਹੜੀਆਂ ਬਿਮਾਰੀਆਂ ਬੀਜ ਰਾਹੀਂ ਜਾਂਦੀਆਂ ਹਨ ਅਤੇ ਕਿਹੜੇ ਕੀੜੇ-ਮਕੌੜਿਆਂ ਦਾ ਬੀਜ ਉੱਪਰ ਹਮਲਾ ਹੋ ਸਕਦਾ ਹੈ। ਇਸ ਦੇ ਨਾਲ ਹੀ ਜੀਵਾਣੂ ਖਾਦ ਟਿਕਾਊ ਖੇਤੀਬਾੜੀ ਲਈ ਬਹੁਤ ਲਾਹੇਵੰਦ ਸਿੱਧ ਹੋ ਸਕਦੀ ਹੈ। ਜੀਵਾਣੂ ਖਾਦ, ਉਹ ਖਾਦ ਹੁੰਦੀ ਹੈ, ਜਿਸ ਵਿਚ ਸੂਖ਼ਮ ਜੀਵ ਹੁੰਦੇ ਹਨ ਜਿਨ੍ਹਾਂ ਨਾਲ ਪੌਦਿਆਂ ਨੂੰ ਖੁਰਾਕੀ ਤੱਤ ਮੁਹਈਆ ਕਰਵਾਏ ਜਾਂਦੇ ਹਨ। ਇਹ ਜੀਵਾਣੂ ਹਵਾ ਵਿਚਲੀ ਨਾਈਟ੍ਰੋਜਨ ਨੂੰ ਉਪਲੱਬਧ ਕਰਵਾਉਣ ਜਾਂ ਮਿੱਟੀ ਵਿੱਚੋਂ ਅਣਘੁਲੀ ਫਾਸਫੋਰਸ ਨੂੰ ਘੁਲਣਸ਼ੀਲ ਬਣਾਉਣ ਵਿਚ ਮੱਦਦ ਕਰਦੇ ਹਨ।

ਇਸ ਤੋਂ ਇਲਾਵਾ ਇਨ੍ਹਾਂ ਸੂਖਮ ਜੀਵਾਂ ਦੀ ਕ੍ਰਿਆਵਾਂ ਨਾਲ ਕਈ ਹਾਰਮੋਨ ਬਣਦੇ ਹਨ ਜੋ ਕਿ ਪੌਦਿਆਂ ਨੂੰ ਵੱਧਣ-ਫੁੱਲਣ ਵਿਚ ਮਦਦ ਕਰਦੇ ਹਨ ਅਤੇ ਇਹ ਜੀਵਾਣੂ ਖਾਦ ਮਿੱਟੀ ਦੀ ਸਿਹਤ ਵਿਚ ਸੁਧਾਰ ਕਰਦੀ ਹੈ। ਰਸਾਇਣਿਕ ਖਾਦਾਂ ਦੀ ਵਧੀ ਹੋਈ ਕੀਮਤ ਨਾਲ ਜੀਵਾਣੂ ਖਾਦਾਂ ਦੀ ਮਹੱਤਤਾ ਹੋਰ ਵਧ ਗਈ ਹੈ। ਜੀਵਾਣੂ ਖਾਦ ਇਸਤੇਮਾਲ ਕਰਨ ਨਾਲ ਮਿੱਟੀ ਅਤੇ ਪੌਦਿਆਂ ਨੂੰ ਕਈ ਲਾਭ ਹੁੰਦੇ ਹਨ ਜਿਵੇਂ ਕਿ ਇਹ ਮਿੱਟੀ ਦੀ ਸਿਹਤ ਨੂੰ ਕਾਇਮ ਰੱਖਦਾ ਹੈ, ਮਿੱਟੀ ਦੇ ਸੀ : ਐਨ ਅਨੁਪਾਤ ਨੂੰ ਸਥਿਰ ਕਰਦਾ ਹੈ। ਇਸ ਲੇਖ ਰਾਹੀਂ ਹਾੜੀ ਦੀਆਂ ਮੁੱਖ ਫ਼ਸਲਾਂ ਵਿਚ ਬੀਜ ਰਾਹੀਂ ਲੱਗਣ ਵਾਲੀਆਂ ਬਿਮਾਰੀਆਂ ਅਤੇ ਕੀੜੇ-ਮਕੌੜਿਆਂ ਦੀ ਬੀਜ ਸੋਧ ਨਾਲ ਰੋਕਥਾਮ ਅਤੇ ਜੀਵਾਣੂ ਖਾਦ ਬਾਰੇ ਦੱਸਿਆ ਗਿਆ ਹੈ ਜਿਸ ਨੂੰ ਅਪਣਾ ਕੇ ਸਾਡੇ ਕਿਸਾਨ ਭਰਾ ਘੱਟ ਖਰਚਾ ਕਰਕੇ ਆਪਣੀ ਫ਼ਸਲ ਤੋਂ ਵਧੇਰੇ ਮੁਨਾਫ਼ਾ ਲੈ ਸਕਦੇ ਹਨ।

ਕਣਕ ਦਾ ਬੀਜ ਦੀ ਸੁਧਾਈ

ਸਿੱਟੇ ਦੀ ਕਾਂਗਿਆਰੀ : ਸਿੱਟੇ ਦੀ ਕਾਂਗਿਆਰੀ ਉੱਲੀ ਕਾਰਨ ਬੀਜ ਰਾਹੀਂ ਲੱਗਣ ਵਾਲੀ ਬਿਮਾਰੀ ਹੈ। ਇਹ ਉੱਲੀ ਬੀਜ ਰਾਹੀਂ ਫੈਲਦੀ ਹੈ ਅਤੇ ਬੀਜ ਦੇ ਭਰੂਣ ਵਿਚ ਆਕਿਰਿਆਸ਼ੀਲ ਰੂਪ ਵਿਚ ਰਹਿੰਦੀ ਹੈ। ਉਸ ਬਿਮਾਰੀ ਦੇ ਲੱਛਣ ਸਿੱਟਿਆਂ ਵਿਚ ਬਦਲੇ ਹਨ। ਬਿਮਾਰੀ ਵਾਲੇ ਸਿੱਟੇ ਕਾਲੇ ਰੰਗ ਦੀ ਧੂੜ ਵਿਚ ਬਦਲ ਜਾਂਦੇ ਹਨ ਅਤੇ ਬੀਜ ਨਹੀਂ ਬਣਦਾ। ਆਮ ਤੌਰ ਤੇ ਸਾਰੇ ਸਿੱਟੇ ਹੀ ਕਾਲੇ ਰੰਗ ਦੀ ਧੂੜ ਵਿਚ ਬਦਲ ਜਾਂਦੇ ਹਨ ਭਾਵੇਂ ਕਿ ਸਿੱਟੇ ਦਾ ਕੁਝ ਹਿੱਸਾ ਬਿਮਾਰੀ ਰਹਿਤ ਵੀ ਹੋਵੇ। ਫਿਰ ਵੀ ਬਿਮਾਰੀ ਦੇ ਕਣ ਹਵਾ ਰਾਹੀਂ ਫੈਲਦੇ ਹਨ ਅਤੇ ਦੂਜਿਆਂ ਬੂਟਿਆਂ ਦੇ ਸਿੱਟਿਆ ਉੱਤੇ ਫੁੱਲ ਖਿੜਨ ਵੇਲੇ ਡਿੱਗ ਜਾਂਦੇ ਹਨ ਅਤੇ ਜਿੱਥੇ ਇਹ ਪੁੰਗਰਦੇ ਹਨ ਅਤੇ ਨਵੇਂ ਦਾਣਿਆਂ ਦੇ ਅੰਦਰ ਚਲੇ ਜਾਂਦੇ ਹਨ। ਅੰਦਰ ਜਾਣ ਤੋਂ ਬਾਅਦ ਇਹ ਉੱਲੀ ਆਕਿਰਿਆਸ਼ੀਲ ਰੂਪ ਵਿਚ ਬੀਜ ਵਿਚ ਰਹਿ ਜਾਂਦੀ ਹੈ ਅਤੇ ਉਸੇ ਮੌਸਮ ਵਿੱਚ ਕਈ ਲੱਛਣ ਪੈਦਾ ਨਹੀਂ ਕਰਦੀ। ਜਦੋਂ ਇਹ ਬਿਮਾਰੀ ਵਾਲੇ ਦਾਣੇ ਅਗਲੇ ਮੌਸਮ ਵਿਚ ਬੀਜੇ ਜਾਂਦੇ ਹਨ ਤਾਂ ਉੱਲੀ ਕਿਰਿਆਸ਼ੀਲ ਹੋ ਕੇ ਪੌਦਿਆਂ ਦੇ ਅੰਦਰ ਫੈਲ ਕੇ ਬਿਮਾਰੀ ਦੇ ਲੱਛਣ ਪੈਦਾ ਕਰਦੀ ਹੈ ।

ਇਸ ਬਿਮਾਰੀ ਨੂੰ ਯੋਜਨਾਬੱਧ ਤਰੀਕੇ ਨਾਲ ਰੋਕਿਆ ਜਾ ਸਕਦਾ ਹੈ। ਰੈਕਸਿਲ ਈਜ਼ੀ ਜਾਂ ਓਰੀਅਸ 6 ਐਫਐਸ 13 ਮਿਲੀ ਲਿਟਰ (13 ਮਿ. ਲਿ. ਦਵਾਈ 400 ਮਿ.ਲਿ. ਪਾਣੀ ਵਿਚ ਘੋਲ ਕੇ) ਜਾਂ ਵੀਟਾਵੈਕਸ ਪਾਵਰ 75 ਡਬਲਯੂ ਐਸ 120 ਗ੍ਰਾਮ ਜਾਂ ਵੀਟਾਵੈਕਸ 80 ਗ੍ਰਾਮ ਜਾਂ ਸੀਡੈਕਸ 2 ਡੀ ਐਸ ਜਾਂ ਐਕਸਗੋਲ 2 ਡੀ ਐਸ 40 ਗ੍ਰਾਮ ਪ੍ਰਤੀ 40 ਕਿੱਲੋ ਬੀਜ ਦੇ ਹਿਸਾਬ ਨਾਲ ਸੋਧੋ। ਬੀਜ ਨੂੰ ਸੋਧਣ ਲਈ ਡਰੰਮ ਦੀ ਵਰਤੋਂ ਕੀਤੀ ਜਾਵੇ। ਕਿਸਾਨਾਂ ਨੂੰ ਬੀਜ ਦੀ ਸੋਧ ਹੱਥਾਂ ਨਾਲ ਨਹੀਂ ਕਰਨੀ ਚਾਹੀਦੀ ਕਿਉਂਕਿ ਇਹ ਚਮੜੀ ਨੂੰ ਨੁਕਸਾਨ ਕਰ ਸਕਦੀ ਹੈ। ਦੂਜੇ ਪਾਸੇ ਬੀਜ ਨੂੰ ਮਈ-ਜੂਨ ਦੇ ਮਹੀਨਿਆਂ ਦੀ ਧੁੱਪ ਵਿਚ ਸੁਕਾ ਕੇ ਵੀ ਬਿਮਾਰੀ ਨੂੰ ਰੋਕਿਆ ਜਾ ਸਕਦਾ ਹੈ। ਪਹਿਲਾਂ ਬੀਜ ਨੂੰ ਸਵੇਰੇ 4 ਘੰਟਿਆਂ ਲਈ ਪਾਣੀ ਵਿਚ ਡੁਬੋ ਕੇ ਰੱਖੋ ਅਤੇ ਫਿਰ ਤੇਜ਼ ਧੁੱਪ ਵਿਚ ਸੁਕਾ ਲਵੋ। ਸੁੱਕਿਆ ਹੋਇਆ ਬੀਜ ਬਿਮਾਰੀ ਰਹਿਤ ਬਣ ਜਾਂਦਾ ਹੈ ਅਤੇ ਆਉਣ ਵਾਲੇ ਮਹੀਨਿਆਂ ਦੀ ਬਿਜਾਈ ਲਈ ਸਟੋਰ ਕੀਤਾ ਜਾ ਸਕਦਾ ਹੈ ।

ਸਿਉਂਕ ਦੀ ਰੋਕਥਾਮ

ਸਿਉਂਕ ਦੇ ਹਮਲੇ ਵਾਲੀਆਂ ਜ਼ਮੀਨਾਂ ਵਿਚ ਪਹਿਲਾ ਬੀਜ ਨੂੰ (ਕਲੋਰਫਾਈਰੀਫਾਸ) ਡਰਸਬਾਨ/ਰੂਬਾਨ/ਡਰਮੱਟ 20 ਈ ਸੀ 4 ਮਿ.ਲਿ. ਜਾਂ ਰੀਜ਼ੈਂਟ 5 ਪ੍ਰਤੀਸ਼ਤ ਐਸ ਸੀ (ਫਿਪਰੋਨਿਲ) 6 ਮਿ.ਲਿ. ਪ੍ਰਤੀ ਕਿੱਲੋ ਬੀਜ ਦੇ ਹਿਸਾਬ ਨਾਲ ਸੋਧ ਲਵੋ। ਇਸ ਕੰਮ ਲਈ 40 ਕਿੱਲੋ ਬੀਜ ਨੂੰ ਪੱਕੇ ਫ਼ਰਸ਼, ਤਰਪਾਲ ਜਾਂ ਪਲਾਸਟਿਕ ਦੀ ਸ਼ੀਟ ਤੇ ਪਤਲੀ ਤਹਿ ਕਰਕੇ ਵਿਛਾ ਦਿਉ ਅਤੇ 160 ਮਿ.ਲਿ. ਡਰਸਬਾਨ/ਰੂਬਾਨ/ਡਰਮੱਟ 20 ਈਸੀ ਜਾਂ 240 ਮਿ.ਲਿ. ਰੀਜ਼ੈਂਟ 5 ਪ੍ਰਤੀਸ਼ਤ ਐਸਸੀ ਨੂੰ 1 ਲਿਟਰ ਪਾਣੀ ਵਿਚ ਘੋਲ ਕੇ ਇਸ ਬੀਜ ਤੇ ਛਿੜਕਾਅ ਕਰੋ। ਬੀਜ ਨੂੰ ਚੰਗੀ ਤਰ੍ਹਾਂ ਰਲਾ ਕੇ ਛਾਂ ਵਿਚ ਸੁਕਾ ਲਓ ਅਤੇ ਫਿਰ ਉੱਪਰ ਦੱਸੇ ਉੱਲੀਨਾਸ਼ਕਾਂ ਨਾਲ ਸੋਧ ਲਓ।

ਬੀਜ ਤਿਆਰ ਕਰਨਾ

ਚੰਗਾ ਬੀਜ ਬਨਾਉਣ ਦੇ ਲਈ ਇਕ ਜਾਂ ਦੋ ਫਲ ਰੱਖੇ ਜਾ ਸਕਦੇ ਹਨ। ਬੀਜ ਕੱਢਣ ਤੋਂ ਬਾਅਦ ਇਕ ਜਾਂ ਦੋ ਦਿਨ ਲਈ ਛਾਂ ਵਿਚ ਸੁਕਾ ਲਵੋ ਅਤੇ ਲੇਬਲ ਕਰਨ ਤੋਂ ਬਾਅਦ ਕਾਗ਼ਜ਼ ਦੇ ਲਿਫ਼ਾਫ਼ਿਆਂ ਵਿਚ ਖੁਸ਼ਕ ਅਤੇ ਠੰਡੀ ਥਾਂ 'ਤੇ ਸਟੋਰ ਕਰ ਲਉ।

ਪੱਤੇ ਦੀ ਕਾਂਗਿਆਰੀ

ਪੱਤੇ ਦੀ ਕਾਂਗਿਆਰੀ ਵੀ ਉੱਲੀ ਰਾਹੀਂ ਲੱਗਦੀ ਹੈ। ਇਸ ਬਿਮਾਰੀ ਦੇ ਕਣ ਬੀਜ ਅਤੇ ਮਿੱਟੀ ਵਿਚ ਰਹਿੰਦੇ ਹਨ। ਇਹ ਬਿਮਾਰੀ ਜ਼ਿਆਦਾਤਰ ਹੁਸ਼ਿਆਰਪੁਰ ਦੇ ਕੰਢੀ ਖੇਤਰਾਂ ਵਿਚ ਅਤੇ ਦੂਜੇ ਖੇਤਰਾਂ ਦੇ ਮੁਕਾਬਲੇ ਜ਼ਿਆਦਾ ਪਾਈ ਜਾਂਦੀ ਹੈ। ਇਸ ਬਿਮਾਰੀ ਨਾਲ ਪੱਤਿਆਂ ਅਤੇ ਤਣੇ ਉੱਤੇ ਸਲੇਟੀ ਜਾਂ ਕਾਲੇ ਰੰਗ ਦੀਆਂ ਲੰਬੀਆਂ ਧਾਰੀਆਂ ਬਣ ਜਾਂਦੀਆਂ ਹਨ। ਜਿਹੜੀਆਂ ਕਿ ਪਹਿਲਾਂ ਪੱਤੇ ਦੀ ਪਤਲੀ ਸਤਹਿ ਹੇਠਾਂ ਰਹਿੰਦੀਆਂ ਹਨ ਅਤੇ ਬਾਅਦ ਵਿਚ ਫੱਟਣ 'ਤੇ ਇਨ੍ਹਾਂ ਵਿੱਚੋਂ ਕਾਲੇ ਰੰਗ ਦਾ ਧੂੜਾ ਨਿਕਲਦਾ ਹੈ । ਇਹ ਬਿਮਾਰੀ ਦੇ ਕਣ ਮਿੱਟੀ ਉੱਤੇ ਡਿੱਗ ਜਾਂਦੇ ਹਨ ਅਤੇ ਫ਼ਸਲ ਦੀ ਕਟਾਈ ਦੌਰਾਨ ਕਈ ਦਾਣਿਆਂ ਉੱਤੇ ਲੱਗ ਜਾਂਦੇ ਹਨ, ਇਸ ਤਰ੍ਹਾਂ ਉੱਲੀ ਬੀਜ ਅਤੇ ਮਿੱਟੀ ਰਾਹੀਂ ਫੈਲਦੀ ਹੈ।

ਜਦੋਂ ਇਹ ਫਸਲ ਅਗਲੇ ਮੌਸਮ ਵਿਚ ਉਗਾਈ ਜਾਂਦੀ ਹੈ। ਉਸ ਵੇਲੇ ਮਿੱਟੀ ਰਾਹੀਂ ਫੈਲਣ ਵਾਲੇ ਇਹ ਬਿਮਾਰੀ ਦੇ ਕਣ ਨਰੋਈ ਫ਼ਸਲ ਨੂੰ ਰੋਗ ਲਾਉਂਦੇ ਹਨ ਅਤੇ ਫੈਲਣ ਤੋਂ ਬਾਅਦ ਡੇਢ ਮਹੀਨਿਆਂ ਵਿਚ ਬਿਮਾਰੀ ਦੇ ਲੱਛਣ ਦਿਖਾਈ ਦਿੰਦੇ ਹਨ । ਬਿਮਾਰੀ ਨੂੰ ਰੋਕਣ ਲਈ ਡੂੰਘੀ ਬਿਜਾਈ ਨਾ ਕਰੋ । ਬਿਮਾਰੀ ਵਾਲੇ ਪੌਦਿਆਂ ਨੂੰ ਪੁੱਟ ਕੇ ਨਸ਼ਟ ਕਰ ਦਿਉ। ਸਿੱਟੇ ਦੀ ਕਾਂਗਿਆਰੀ ਲਈ ਸਿਫਾਰਿਸ਼ ਕੀਤੇ ਉੱਲੀਨਾਸ਼ਕ ਇਸ ਕਾਂਗਿਆਰੀ ਨੂੰ ਰੋਕਣ ਲਈ ਵਰਤੇ ਜਾ ਸਕਦੇ ਹਨ।

ਕਰਨਾਲ ਬੰਟ

ਇਹ ਬਿਮਾਰੀ ਉੱਲੀ ਕਾਰਨ ਹੁੰਦੀ ਹੈ ਅਤੇ ਇਸ ਬਿਮਾਰੀ ਦੇ ਲੱਛਣ ਸਿੱਟਿਆਂ ਵਿਚ ਦਿਖਾਈ ਦਿੰਦੇ ਹਨ। ਬੀਜ ਦਾ ਬਿਮਾਰੀ ਵਾਲਾ ਹਿੱਸਾ ਕਾਲੇ ਧੂੜੇ ਵਿਚ ਬਦਲ ਜਾਂਦਾ ਹੈ। ਆ

ਸੰਪਾਦਕੀ

ਬੰਗਲਾਦੇਸ਼ ਦੇ ਰੁਖ਼ ਪ੍ਰਤੀ ਸਰੋਕਾਰ

ਮੁਹੰਮਦ ਯੂਨਸ ਦੀ ਅਗਵਾਈ ਹੇਠ ਬੰਗਲਾਦੇਸ਼ ਦੀ ਅੰਤਰਿਮ ਸਰਕਾਰ ਨੇ ਇੱਕ ਆਦੇਸ਼ ਜਾਰੀ ਕਰ ਕੇ ਇਹ ਲਾਜ਼ਮੀ ਕਰਾਰ ਦੇ ਦਿੱਤਾ ਹੈ ਕਿ ਅਜ਼ਾਨ ਅਤੇ ਨਮਾਜ਼ ਦੌਰਾਨ ਪੰਜ ਮਿੰਟ ਲਈ ਦੁਰਗਾ ਪੂਜਾ ਮੌਕੇ ਹਿੰਦੂ ਪੂਜਾ ਕਮੇਟੀਆਂ ਗਾਉਣ ਅਤੇ ਵਜਾਉਣ ਤੋਂ ਗੁਰੇਜ਼ ਕਰਨ। ਇਸ ਪੇਸ਼ਕਦਮੀ ਦਾ ਮਨਸ਼ਾ ਧਾਰਮਿਕ ਇੱਕਸੁਰਤਾ ਕਾਇਮ ਰੱਖਣ 'ਤੇ ਸੇਧਿਤ ਦੱਸੀ ਗਈ ਹੈ ਪਰ ਇਸ 'ਚੋਂ ਦੇਸ਼ ਦੇ ਘੱਟਗਿਣਤੀ ਹਿੰਦੂ ਭਾਈਚਾਰੇ ਨੂੰ ਨਿਸ਼ਾਨਾ ਬਣਾਉਣ ਦੀ ਤਾਲਿਬਾਨੀ ਫਰਮਾਨ ਦੀ ਬੂਅ ਆਉਂਦੀ ਹੈ। ਕਾਨੂੰਨ ਵਿਵਸਥਾ ਕਾਇਮ ਕਰਨ ਦੇ ਨਾਂ 'ਤੇ ਦੇਸ਼ ਦੇ ਇੱਕ ਕਮਜ਼ੋਰ ਭਾਈਚਾਰੇ ਉੱਪਰ ਆਦੇਸ਼ ਥੋਪਣ ਦੀ ਕੋਸ਼ਿਸ਼ ਦਾ ਵੀ ਪਤਾ ਚਲਦਾ ਹੈ। ਅਜਿਹੀਆਂ ਰੋਕਾਂ ਨਾਲ ਬੰਗਲਾਦੇਸ਼ ਵਿੱਚ ਨਾ ਕੇਵਲ ਭਾਈਚਾਰਕ ਪਾੜਾ ਵਧਣ ਦਾ ਖਦਸ਼ਾ ਹੈ ਸਗੋਂ ਉਸ ਦੇ ਭਾਰਤ ਨਾਲ ਸਬੰਧ ਵੀ ਖ਼ਰਾਬ ਹੋ ਸਕਦੇ ਹਨ। ਇੱਕ ਵੱਡੇ ਜਨਤਕ ਅੰਦੋਲਨ ਤੋਂ ਬਾਅਦ ਸਾਬਕਾ ਪ੍ਰਧਾਨ ਮੰਤਰੀ ਸ਼ੇਖ ਹਸੀਨਾ ਦੇ ਦੇਸ਼ 'ਚੋਂ ਚਲੇ ਜਾਣ ਤੋਂ ਬਾਅਦ ਬੰਗਲਾਦੇਸ਼ ਦੇ ਵਡੇਰੇ ਸਿਆਸੀ ਸੰਦਰਭ ਵਿੱਚ ਇਸ ਦਾ ਸਮਾਂ ਵੀ ਬਹੁਤ ਸੰਵੇਦਨਸ਼ੀਲ ਮੰਨਿਆ ਜਾ ਰਿਹਾ ਹੈ। ਇਸ ਤੋਂ ਇਲਾਵਾ ਢਾਕਾ ਵੱਲੋਂ ਕੁਝ ਦਿਨ ਪਹਿਲਾਂ ਭਾਰਤ ਨੂੰ ਪਦਮਾ ਹਿਲਸਾ ਮੱਛੀ ਦੀ ਬਰਾਮਦ ਰੋਕ ਦੇਣ ਨਾਲ ਵੀ ਤਣਾਅ ਦਾ ਮਾਹੌਲ ਵਧ ਸਕਦਾ ਹੈ। ਆਮ ਤੌਰ 'ਤੇ ਪੱਛਮੀ ਬੰਗਾਲ ਵਿਚ ਦੁਰਗਾ ਪੂਜਾ ਮੌਕੇ ਇਸ ਮੱਛੀ ਦਾ ਸੇਵਨ ਬਹੁਤ ਜ਼ਿਆਦਾ ਕੀਤਾ ਜਾਂਦਾ ਹੈ। ਪਿਛਲੀਆਂ ਸਰਕਾਰਾਂ ਵੱਲੋਂ 'ਹਿਲਸਾ ਕੂਟਨੀਤੀ' ਤਹਿਤ ਜੋ ਸਦਭਾਵਨਾ ਦਾ ਮਾਹੌਲ ਬਣਾਇਆ ਗਿਆ ਸੀ, ਉਸ ਨੂੰ ਹੁਣ ਪਲਟਾਇਆ ਜਾ ਰਿਹਾ ਹੈ। ਇਸ ਮੱਛੀ ਦਾ ਵਪਾਰ ਦੋਵਾਂ ਦੇਸ਼ਾਂ ਵਿਚਕਾਰ ਦੋਸਤੀ ਦਾ ਪ੍ਰਤੀਕ ਬਣ ਗਿਆ ਸੀ।

ਹਾਲਾਂਕਿ ਇਨ੍ਹਾਂ ਘਟਨਾਵਾਂ ਕਰ ਕੇ ਭਾਰਤ ਵੱਲੋਂ ਕੂਟਨੀਤਕ ਪੱਧਰ 'ਤੇ ਹਾਲੇ ਕੋਈ ਪ੍ਰਤੀਕਿਰਿਆ ਸਾਹਮਣੇ ਨਹੀਂ ਆਈ ਪਰ ਬੰਗਲਾਦੇਸ਼ ਦੀ ਅੰਤਰਿਮ ਸਰਕਾਰ ਦੀਆਂ ਧਾਰਮਿਕ ਅਤੇ ਵਪਾਰ ਨੀਤੀਆਂ ਪ੍ਰਤੀ ਨਵੀਂ ਦਿੱਲੀ ਦੇ ਸਰੋਕਾਰ ਵਧ ਸਕਦੇ ਹਨ। ਇਸੇ ਦੌਰਾਨ ਬੁੱਧਵਾਰ ਨੂੰ ਅੰਤਰਿਮ ਸਰਕਾਰ ਦੇ ਮੁਖੀ ਮੁਹੰਮਦ ਯੂਨਸ ਦਾ ਇਹ ਬਿਆਨ ਆਪਾ-ਵਿਰੋਧੀ ਜਾਪ ਰਿਹਾ ਹੈ ਜਿਸ ਵਿੱਚ ਉਨ੍ਹਾਂ ਭਾਰਤ ਨਾਲ ਮਜ਼ਬੂਤ ਸਬੰਧਾਂ ਦੀ ਖਾਹਿਸ਼ ਜ਼ਾਹਿਰ ਕੀਤੀ ਹੈ। ਹਾਲਾਂਕਿ ਇਸ ਵਿੱਚ ਉਨ੍ਹਾਂ ਦੀ ਸਰਕਾਰ ਦੀ ਖੇਤਰੀ ਸਹਿਯੋਗ ਅਤੇ ਆਪਸੀ ਸਤਿਕਾਰ ਨੂੰ ਬੜਾਵਾ ਦੇਣ ਦੀ ਮਨਸ਼ਾ ਜ਼ਾਹਿਰ ਕੀਤੀ ਗਈ ਹੈ ਪਰ ਜ਼ਮੀਨੀ ਪੱਧਰ 'ਤੇ ਚੱਲ ਰਹੀਆਂ ਕਾਰਵਾਈਆਂ ਉਲਟ ਦਿਸ਼ਾ ਅਖ਼ਤਿਆਰ ਕਰ ਰਹੀਆਂ ਹਨ। ਧਾਰਮਿਕ ਸਰਗਰਮੀਆਂ ਅਤੇ ਵਪਾਰ ਉੱਪਰ ਰੋਕਾਂ ਲਾਉਣ ਨਾਲ ਦੋਵਾਂ ਦੇਸ਼ਾਂ ਵਿਚਕਾਰ ਇਤਿਹਾਸਕ ਰਿਸ਼ਤਿਆਂ ਨੂੰ ਢਾਹ ਲੱਗ ਸਕਦੀ ਹੈ। ਜੇ ਬੰਗਲਾਦੇਸ਼ ਭਾਰਤ ਨਾਲ ਸ਼ਾਂਤਮਈ ਅਤੇ ਦੋਸਤਾਨਾ ਸਬੰਧ ਕਾਇਮ ਰੱਖਣ ਦਾ ਇੱਛੁਕ ਹੈ ਤਾਂ ਇਸ ਨੂੰ ਧਾਰਮਿਕ ਸਹਿਣਸ਼ੀਲਤਾ ਅਤੇ ਸਾਵੀਂ ਕੂਟਨੀਤੀ ਅਪਣਾ ਕੇ ਹੀ ਚੱਲਣਾ ਪੈਣਾ ਹੈ।

ਸੈਮੀਕੰਡਕਟਰ ਚਿਪ ਨਿਰਮਾਣ

ਭਾਰਤ ਸੈਮੀਕੰਡਕਟਰ ਨਿਰਮਾਣ ਦਾ ਆਲਮੀ ਕੇਂਦਰ ਬਣਨ ਦਾ ਵੱਡਾ ਸੁਪਨਾ ਪਾਲ ਰਿਹਾ ਹੈ। ਗ੍ਰੇਟਰ ਨੋਇਡਾ 'ਚ ਜਾਰੀ 'ਸੈਮੀਕੌਨ ਇੰਡੀਆ 2024' ਕਾਨਫਰੰਸ ਦੇਸ਼ ਦੀ ਸੈਮੀਕੰਡਕਟਰ ਸਬੰਧੀ ਯੋਜਨਾ ਤੇ ਨੀਤੀ ਨੂੰ ਪ੍ਰਦਰਸ਼ਿਤ ਕਰ ਰਹੀ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਦਿਲਕਸ਼ ਟਿੱਪਣੀ, 'ਦਿ ਚਿਪਸ ਆਰ ਨੈਵਰ ਡਾਊਨ ਇਨ ਇੰਡੀਆ' (ਭਾਰਤ 'ਚ ਹਾਲਾਤ ਕਦੇ ਖ਼ਰਾਬ ਨਹੀਂ ਹੁੰਦੇ), ਰਾਹੀਂ ਉਦਯੋਗ ਜਗਤ ਨੂੰ ਇੱਥੇ ਵੱਡਾ ਨਿਵੇਸ਼ ਕਰਨ ਦਾ ਖੁੱਲ੍ਹਾ ਸੱਦਾ ਦਿੱਤਾ ਹੈ। ਬੇਸ਼ੱਕ ਭਾਰਤ ਦੇ ਵਿਕਾਸ ਦੀ ਕਹਾਣੀ 'ਤੇ ਦਾਅ ਲਾਇਆ ਜਾ ਸਕਦਾ ਹੈ ਪਰ ਕੌਮਾਂਤਰੀ ਅਦਾਰਿਆਂ ਨੂੰ ਇੱਕ ਏਕੀਕ੍ਰਿਤ ਵਾਤਾਵਰਨ ਉਪਲੱਬਧ ਕਰਾਉਣ ਦੇ ਪ੍ਰਧਾਨ ਮੰਤਰੀ ਦੇ ਵਾਅਦੇ ਨੂੰ ਪੂਰਾ ਕਰਨ ਲਈ ਸਰਕਾਰ ਦੇ ਨਿਰੰਤਰ ਸਾਥ ਦੀ ਲੋੜ ਪਏਗੀ। ਸਰਕਾਰ ਨੂੰ ਕਦਮ-ਕਦਮ 'ਤੇ ਕਾਰੋਬਾਰੀਆਂ ਦੀਆਂ ਲੋੜਾਂ ਪੂਰਨੀਆਂ ਪੈਣਗੀਆਂ ਤੇ ਢੁੱਕਵਾਂ ਮਾਹੌਲ ਮੁਹੱਈਆ ਕਰਾਉਣਾ ਪਏਗਾ।

ਇਹ ਕੋਈ ਵਧਾ-ਚੜ੍ਹਾ ਕੇ ਕਹਿਣ ਵਾਲੀ ਗੱਲ ਨਹੀਂ ਹੈ ਕਿ ਸੈਮੀਕੰਡਕਟਰ ਹੀ ਵਰਤਮਾਨ 'ਚ ਸੰਸਾਰ ਨੂੰ ਚਲਾ ਰਿਹਾ ਹੈ। 'ਚਿੱਪਾਂ' ਹਰ ਜਗ੍ਹਾ ਹਨ, ਭਾਵੇਂ ਉਹ ਸਮਾਰਟਫੋਨ ਹੋਣ, ਕਾਰਾਂ ਹੋਣ, ਵਾਸ਼ਿੰਗ ਮਸ਼ੀਨਾਂ ਹੋਣ, ਪੇਸਮੇਕਰਜ਼ ਜਾਂ ਹਵਾਈ ਜਹਾਜ਼ ਹੋਣ। ਇਸੇ ਲਈ ਇਹ ਬਹੁਤ ਮੁਕਾਬਲੇਬਾਜ਼ੀ ਵਾਲਾ ਖੇਤਰ ਹੈ। ਤਾਇਵਾਨ ਜੋ ਕਿ ਸੈਮੀਕੰਡਕਟਰ ਨਾਲ ਜੁੜੀਆਂ ਹਜ਼ਾਰਾਂ ਕੰਪਨੀਆਂ ਦਾ ਗੜ੍ਹ ਹੈ ਅਤੇ ਇੱਕ ਸਿਰੇ ਤੋਂ ਦੂਜੇ ਸਿਰੇ ਤੱਕ ਮਜ਼ਬੂਤ ਸਪਲਾਈ ਲੜੀ ਰੱਖਦਾ ਹੈ, ਇਸ ਖੇਤਰ ਵਿੱਚ ਕੌਮਾਂਤਰੀ ਪੱਧਰ 'ਤੇ ਮੋਹਰੀ ਹੈ। ਇਸ ਖੇਤਰ ਵਿੱਚ ਹੋਰ ਮੋਹਰੀ ਦੇਸ਼ ਦੱਖਣੀ ਕੋਰੀਆ, ਜਪਾਨ, ਅਮਰੀਕਾ ਤੇ ਚੀਨ ਹਨ। ਕੋਵਿਡ ਮਹਾਮਾਰੀ ਨੇ ਸੈਮੀਕੰਡਕਟਰ ਉਤਪਾਦਨ ਦਾ ਕੰਮ ਠੰਢਾ ਪਾਇਆ ਸੀ, ਖ਼ਾਸ ਤੌਰ 'ਤੇ ਚੀਨ ਅਤੇ ਤਾਇਵਾਨ ਵਿੱਚ ਸੁਸਤੀ ਆਈ ਸੀ। ਇਨ੍ਹਾਂ ਵਿਆਪਕ ਅੜਿੱਕਿਆਂ ਵਿਚਾਲੇ ਭਾਰਤ ਨੂੰ 2021 ਵਿੱਚ 'ਆਈਐੱਸਐੱਮ' (ਇੰਡੀਆ ਸੈਮੀਕੰਡਕਟਰ ਮਿਸ਼ਨ) ਲਾਂਚ ਕਰਨ ਦਾ ਮੌਕਾ ਮਿਲ ਗਿਆ। ਮਹਾਮਾਰੀ ਤੋਂ ਮਿਲਿਆ ਇੱਕ ਗੰਭੀਰ ਸਬਕ ਇਹ ਸੀ ਕਿ ਆਲਮੀ ਸਪਲਾਈ ਲੜੀ ਵੰਨ-ਸੁਵੰਨੀ ਹੋਣੀ ਚਾਹੀਦੀ ਹੈ, ਬਜਾਏ ਇਸ ਦੇ ਕਿ ਇੱਕ ਜਾਂ ਦੋ ਸਰੋਤਾਂ ਉੱਤੇ ਨਿਰਭਰ ਰਿਹਾ ਜਾਵੇ। ਮਹਾਮਾਰੀ ਦੇ ਸੰਕਟ ਤੋਂ ਭਾਰਤ ਨੇ ਮਹੱਤਵਪੂਰਨ ਸਬਕ ਸਿੱਖਿਆ ਹੈ ਤੇ ਕਦਮ ਪੁੱਟੇ ਹਨ।

ਭਾਰਤ ਹੁਣ ਆਲਮੀ ਪੱਧਰ 'ਤੇ ਵੱਡੀ ਹਿੱਸੇਦਾਰੀ ਉਤੇ ਨਿਗ੍ਹਾ ਰੱਖੀ ਬੈਠਾ ਹੈ, ਪਰ 'ਚਿਪ' ਮੋਰਚੇ 'ਤੇ ਭਾਰਤ ਦਾ ਰਾਹ ਆਸਾਨ ਨਹੀਂ ਹੋਵੇਗਾ। ਏਸ਼ਿਆਈ ਮੁਲਕ ਵੀ ਨਿਵੇਸ਼ਕਾਂ ਨੂੰ ਰਿਆਇਤਾਂ ਦੇ ਕੇ ਖਿੱਚਣ ਦੀ ਕੋਸ਼ਿਸ਼ ਕਰ ਰਹੇ ਹਨ। ਅਮਰੀਕਾ ਨੇ 2022 ਤੋਂ ਇੱਕ ਦਹਾਕੇ ਲਈ (2032 ਤੱਕ) ਆਪਣੀ ਘਰੇਲੂ ਸੈਮੀਕੰਡਕਟਰ ਨਿਰਮਾਣ ਸਮਰੱਥਾ ਨੂੰ ਤਿੰਨ ਗੁਣਾ ਕਰਨ ਦਾ ਟੀਚਾ ਮਿੱਥਿਆ ਹੈ, ਜਿਸ ਲਈ 'ਚਿੱਪਸ ਐਂਡ ਸਾਇੰਸ ਐਕਟ' ਬਣਾਇਆ ਗਿਆ ਹੈ। ਲੋੜੋਂ ਵੱਧ ਆਸ਼ਾਵਾਦੀ ਹੋਣ ਤੇ ਚੀਜ਼ਾਂ ਨੂੰ ਵਧਾ-ਚੜ੍ਹਾ ਕੇ ਬਿਆਨਣ ਤੋਂ ਪਹਿਲਾਂ ਭਾਰਤ ਨੂੰ ਲੋੜ ਹੈ ਕਿ ਇਹ ਆਪਣੇ ਟੀਚਿਆਂ ਦੀ ਪ੍ਰਾਪਤੀ ਲਈ ਇੱਕ ਸਪੱਸ਼ਟ ਸਮਾਂ-ਸੀਮਾ ਤੈਅ ਕਰੇ।

ਲੰਮੇ ਸਮੇਂ ਤੱਕ ਨਿਵੇਸ਼ ਨੂੰ ਖਿੱਚਣ ਲਈ ਕਾਰੋਬਾਰੀ ਸੌਖ ਜ਼ਰੂਰੀ ਹੈ। ਭਾਰਤ ਦਾ ਸੈਮੀਕੰਡਕਟਰ ਖੇਤਰ ਬੇਸ਼ੱਕ ਅਜੇ ਮੁੱਢਲੇ ਪੜਾਅ ਉੱਤੇ ਹੈ ਤੇ ਦੂਜੇ ਮੁਲਕਾਂ ਦੇ ਤਜਰਬਿਆਂ ਤੋਂ ਸਿੱਖਣ ਵਿੱਚ ਇਸ ਨੂੰ ਕੋਈ ਝਿਜਕ ਨਹੀਂ ਹੋਣੀ ਚਾਹੀਦੀ।

ਸੰਸਦ ਮੈਂਬਰ ਤਨਮਨਜੀਤ ਸਿੰਘ ਢੇਸੀ ਬਣੇ ਯੂ.ਕੇ. ਸੰਸਦੀ ਰੱਖਿਆ ਕਮੇਟੀ ਦੇ ਚੇਅਰਮੈਨ

ਚੰਡੀਗੜ੍ਹ, 15 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਬਰਤਾਨਵੀ ਸੰਸਦ ਦੀ ਰੱਖਿਆ ਚੋਣ ਕਮੇਟੀ ਦੇ ਚੇਅਰਮੈਨ ਦੀ ਬੀਤੇ ਦਿਨ ਹੋਈ ਚੋਣ ਵਿੱਚ ਸੰਸਦ ਮੈਂਬਰ ਤਨਮਨਜੀਤ ਸਿੰਘ ਢੇਸੀ ਨੂੰ ਰੱਖਿਆ ਸਿਲੈਕਟ ਕਮੇਟੀ ਦਾ ਚੇਅਰਮੈਨ ਚੁਣਿਆ ਗਿਆ ਹੈ।ਦੱਸਣਯੋਗ ਹੈ ਕਿ ਇਹ ਕਮੇਟੀ ਵਿਸ਼ੇਸ਼ ਤੌਰ 'ਤੇ ਰੱਖਿਆ ਸਬੰਧੀ ਬਰਤਾਨਵੀ ਸਰਕਾਰ ਦੀਆਂ ਨੀਤੀਆਂ ਦੀ ਘੋਖ ਲਈ ਵਿਸ਼ੇਸ਼ ਭੂਮਿਕਾ ਨਿਭਾਉਂਦੀ ਹੈ ਅਤੇ ਯੂ.ਕੇ. ਦੇ ਹਾਊਸ ਆਫ਼ ਕਾਮਨਜ਼ ਦੇ 650 ਸੰਸਦ ਮੈਂਬਰ ਹੀ ਇਸ ਸਿਲੈਕਟ ਕਮੇਟੀ ਦੀ ਚੋਣ ਲਈ ਵੋਟਾਂ ਪਾ ਸਕਦੇ ਹਨ।

ਇਸ ਚੋਣ ਵਿੱਚ ਮਹੱਤਵਪੂਰਨ ਗੱਲ ਇਹ ਵੀ ਹੈ ਕਿਉਂਕਿ ਤਨਮਨਜੀਤ ਸਿੰਘ ਢੇਸੀ ਇਸ ਰੱਖਿਆ ਕਮੇਟੀ ਦੇ ਚੇਅਰਮੈਨ ਵਜੋਂ ਚੁਣੇ ਜਾਣ ਵਾਲੇ ਬਲੈਕ, ਏਸ਼ੀਆਈ ਪਿਛੋਕੜ ਜਾਂ ਘੱਟ ਗਿਣਤੀ ਵਰਗ ਨਾਲ ਸਬੰਧਿਤ ਪਹਿਲੇ ਸੰਸਦ ਮੈਂਬਰ ਹਨ।

ਇਸ ਤੋਂ ਇਲਾਵਾ 2020 ਵਿੱਚ ਵੀ ਜਦੋਂ ਉਨ੍ਹਾਂ ਨੇ ਕਮੇਟੀ ਵਿੱਚ ਬਤੌਰ ਮੈਂਬਰ ਸੇਵਾ ਨਿਭਾਈ ਸੀ ਤਾਂ ਉਸ ਵੇਲੇ ਵੀ ਉਹ ਬਲੈਕ, ਏਸ਼ੀਆਈ ਪਿਛੋਕੜ ਜਾਂ ਘੱਟ ਗਿਣਤੀ ਵਰਗ ਨਾਲ ਸਬੰਧਤ ਇਕਲੌਤੇ ਦੂਜੇ ਸੰਸਦ ਮੈਂਬਰ ਸਨ। ਇਹ ਇੱਕ ਇਤਿਹਾਸਕ ਪਲ ਇਸ ਕਰਕੇ ਵੀ ਹੈ ਕਿਉਂਕਿ ਤਨਮਨਜੀਤ ਸਿੰਘ ਢੇਸੀ ਯੂ.ਕੇ. ਸੰਸਦ ਦੀ ਇਸ ਚੋਣ ਕਮੇਟੀ ਦੇ ਚੇਅਰਮੈਨ ਵਜੋਂ ਚੁਣੇ ਜਾਣ ਵਾਲੇ ਪਹਿਲੇ ਪੰਜਾਬੀ ਅਤੇ ਪਹਿਲਾ ਸਿੱਖ ਚਿਹਰਾ ਹਨ।

ਜ਼ਿਕਰਯੋਗ ਹੈ ਕਿ ਤਨਮਨਜੀਤ ਸਿੰਘ ਢੇਸੀ ਸੰਸਦ ਮੈਂਬਰ ਵਜੋਂ ਤਕਰੀਬਨ ਪਿਛਲੇ ਸੱਤ ਸਾਲਾਂ ਤੋਂ ਵੱਧ ਸਮੇਂ ਤੋਂ ਸਲੋਹ ਸੰਸਦੀ ਹਲਕੇ ਦੀ ਸੇਵਾ ਕਰ ਰਹੇ ਹਨ ਅਤੇ ਹਾਲ ਹੀ ਵਿੱਚ 4 ਜੁਲਾਈ 2024 ਨੂੰ ਦੇਸ਼ ਵਿੱਚ ਹੋਈਆਂ ਆਮ ਚੋਣਾਂ ਵਿੱਚ ਉਹ ਤੀਜੀ ਵਾਰ ਸੰਸਦ ਮੈਂਬਰ ਚੁਣੇ ਗਏ ਸਨ।

ਨੇਮ ਕਾਨੂੰਨ ਦੀਆਂ ਧੱਜੀਆਂ ਉਡਾਉਣ ਵਾਲਿਆਂ ਦੇ ਨਾਂ

ਜੂਲੀਓ ਰਿਬੇਰੋ



ਕੁਝ ਦਿਨ ਪਹਿਲਾਂ ਹਰਿਆਣਾ ਵਿੱਚ ਵਾਪਰੀ ਇੱਕ ਘਟਨਾ ਵਿੱਚ ਗਊ ਰੱਖਿਅਕਾਂ ਨੇ ਕਰੀਬ 25 ਕਿਲੋਮੀਟਰ ਤੱਕ ਇੱਕ ਕਾਰ ਦਾ ਪਿੱਛਾ ਕਰ ਕੇ ਉਸ ਵਿੱਚ ਸਵਾਰ ਇੱਕ ਨੌਜਵਾਨ ਨੂੰ ਗੋਲੀ ਮਾਰ ਕੇ ਕਤਲ ਕਰ ਦਿੱਤਾ। ਮਾਰੇ ਗਏ ਨੌਜਵਾਨ ਦੀ ਪਛਾਣ ਸਵਰਨ ਹਿੰਦੂ ਜਾਤੀ ਦੇ ਆਰੀਅਨ ਮਿਸ਼ਰਾ ਵਜੋਂ ਕੀਤੀ ਗਈ ਜੋ ਇਹ ਤਾਂ ਭਾਂਪ ਗਿਆ ਸੀ ਕਿ ਉਸ ਦਾ ਪਿੱਛਾ ਕੀਤਾ ਜਾ ਰਿਹਾ ਹੈ ਪਰ ਇਹ ਨਹੀਂ ਸੀ ਪਤਾ ਕਿ ਕਿਉਂ। ਉਸ ਨੇ ਸੋਚਿਆ ਹੋਵੇਗਾ ਕਿ ਸ਼ਰਾਰਤੀ ਅਨਸਰ ਲੁਟੇਰੇ ਹੋ ਸਕਦੇ ਹਨ ਜਿਸ ਕਰ ਕੇ ਉਸ ਦੀ ਪਹਿਲੀ ਪ੍ਰਤੀਕਿਰਿਆ ਇਹ ਰਹੀ ਕਿ ਕਾਰ ਭਜਾ ਕੇ ਬਚ ਨਿਕਲਿਆ ਜਾਵੇ। ਗਊ ਰੱਖਿਅਕਾਂ ਨੇ ਚਾਰ ਗੋਲੀਆਂ ਦਾਗ਼ੀਆਂ ਜਿਨ੍ਹਾਂ 'ਚੋਂ ਦੋ ਆਰੀਅਨ ਦੇ ਵੱਜੀਆਂ ਸਨ। ਜਦੋਂ ਮਕਤੂਲ ਦੀ ਪਛਾਣ ਕਰ ਲਈ ਗਈ ਤਾਂ ਅਖੌਤੀ ਗਊ ਰੱਖਿਅਕਾਂ ਦੇ ਰੰਗ ਉਡ ਗਏ ਜੋ ਅਕਸਰ ਪਸ਼ੂਆਂ ਦੇ ਕਾਰੋਬਾਰ ਨਾਲ ਜੁੜੇ ਅਤੇ ਮਾਸ ਖਾਣ ਵਾਲੇ ਮੁਸਲਮਾਨਾਂ ਨੂੰ ਨਿਸ਼ਾਨਾ ਬਣਾਉਂਦੇ ਹਨ। 2014 ਤੋਂ ਪਹਿਲਾਂ ਭਾਜਪਾ ਦਾ ਬਹੁਤਾ ਜਨ ਆਧਾਰ ਅਗੜੀ ਜਾਤੀਆਂ 'ਚੋਂ ਆਉਂਦਾ ਸੀ। ਗ਼ਲਤ ਪਛਾਣ ਦੇ ਇਸ ਮਾਮਲੇ ਕਰ ਕੇ ਕਈ ਸ਼ਰਧਾਵਾਨ ਹਿੰਦੂ ਗਊ ਰੱਖਿਅਕਾਂ ਦੇ ਖ਼ਿਲਾਫ਼ ਹੋ ਸਕਦੇ ਹਨ, ਭਾਵੇਂ ਉਹ ਉਸ ਪਾਰਟੀ ਦੇ ਵਿਰੁਧ ਨਾ ਵੀ ਜਾਣ ਜੋ ਇਨ੍ਹਾਂ ਨੂੰ ਪਾਲ਼ਦੀ ਹੈ।

ਗਊ ਰੱਖਿਆ ਦੇ ਨਾਂ 'ਤੇ ਕੀਤੀ ਜਾਂਦੀ ਇਹ ਬੁਰਛਾਗਰਦੀ ਇੱਕ ਦੋ ਧਾਰੀ ਤਲਵਾਰ ਦੀ ਤਰ੍ਹਾਂ ਹੈ। ਇਹ ਸੰਭਾਵੀ ਪੀੜਤਾਂ ਨੂੰ ਡਰਾ ਸਕਦੀ ਹੈ ਪਰ ਇਹ ਇਨ੍ਹਾਂ ਅਣਅਧਿਕਾਰਤ 'ਪੁਲੀਸਕਰਮੀਆਂ' ਨੂੰ ਅਪਰਾਧੀ ਵੀ ਬਣਾ ਸਕਦੀ ਹੈ। ਪੁਲੀਸ ਤੰਤਰ ਵਿੱਚ ਵੀ ਇਹੋ ਜਿਹੀ ਮਿਸਾਲ ਲੱਭੀ ਜਾ ਸਕਦੀ ਹੈ ਜਿੱਥੇ 'ਐਨਕਾਊਂਟਰ ਸਪੈਸ਼ਲਿਸਟਾਂ' ਦਾ ਰੁਝਾਨ ਜ਼ੋਰ ਫੜ ਜਾਣ ਕਰ ਕੇ ਇਨ੍ਹਾਂ ਵਰਦੀਧਾਰੀਆਂ ਵੱਲੋਂ ਕੀਤੇ ਜਾਣ ਵਾਲੇ ਅਪਰਾਧ ਸਿਰਦਰਦ ਬਣ ਗਏ ਸਨ। ਅਪਰਾਧ ਜਗਤ ਦਾ ਟਾਕਰਾ ਕਰਨ ਨਾਲੋਂ ਇਨ੍ਹਾਂ ਵਰਦੀਧਾਰੀ ਅਪਰਾਧੀਆਂ ਨਾਲ ਸਿੱਝਣਾ ਕਿਤੇ ਵੱਧ ਔਖਾ ਹੁੰਦਾ ਹੈ। ਆਪਣੇ ਸਟਾਫ਼ ਅਤੇ ਆਮ ਲੋਕਾਂ ਦੇ ਸਤਿਕਾਰ ਦਾ ਪਾਤਰ ਕੋਈ ਇਮਾਨਦਾਰ ਅਤੇ ਦਿਆਨਤਦਾਰ ਪੁਲੀਸ ਅਫ਼ਸਰ ਵੱਡੇ ਅਪਰਾਧ ਸਰਗਨਿਆਂ ਨੂੰ ਕਾਬੂ ਕਰ ਸਕਦਾ ਹੈ ਪਰ 'ਐਨਕਾਊਂਟਰ ਸਪੈਸ਼ਲਿਸਟਾਂ' ਜਿਨ੍ਹਾਂ ਦਾ ਜਨਮ ਹੀ ਫ਼ੌਜਦਾਰੀ ਨਿਆਂ ਤੰਤਰ ਦੀ ਨਾਕਾਮੀ 'ਚੋਂ ਹੁੰਦਾ ਹੈ, ਉਨ੍ਹਾਂ ਨੂੰ ਕਾਬੂ ਕਰਨਾ ਨਿਹਾਇਤ ਹੀ ਮੁਸ਼ਕਲ ਹੁੰਦਾ ਹੈ।

'ਐਨਕਾਊਂਟਰ ਸਪੈਸ਼ਲਿਸਟ' ਅਜਿਹੇ ਮਾਤਹਿਤ ਅਫ਼ਸਰਾਂ 'ਚੋਂ ਬਣਾਏ ਜਾਂਦੇ ਹਨ ਜਿਨ੍ਹਾਂ ਕੋਲ ਦੀਦਾ ਦਲੇਰੀ, ਪਹਿਲਕਦਮੀ ਅਤੇ ਲੀਡਰਸ਼ਿਪ ਦੀ ਲਲਕ ਬਹੁਤ ਜ਼ਿਆਦਾ ਹੁੰਦੀ ਹੈ। ਲੋਕਾਂ ਵਲੋਂ ਉਨ੍ਹਾਂ ਨੂੰ ਇਸ ਲਈ ਮਾਨਤਾ ਦਿੱਤੀ ਜਾਂਦੀ ਹੈ ਕਿਉਂਕਿ ਉਹ ਜਾਂਚਕਾਰ, ਵਕੀਲ ਅਤੇ ਜੱਜ ਦੀ ਭੂਮਿਕਾ ਅਖ਼ਤਿਆਰ ਕਰ ਕੇ ਝਟਪਟ ਨਿਆਂ ਮੁਹੱਈਆ ਕਰਾਉਂਦੇ ਹਨ। ਲੋਕਾਂ ਦੀ ਹਮਾਇਤ ਸਿਆਸੀ ਹਮਾਇਤ ਦਾ ਰੂਪ ਧਾਰ ਲੈਂਦੀ ਹੈ ਅਤੇ ਜਦੋਂ ਸਿਆਸੀ ਨਿਜ਼ਾਮ ਉਨ੍ਹਾਂ ਨੂੰ ਪਾਰਟੀ ਦੇ ਕਰਨਧਾਰ ਸਵੀਕਾਰ ਲੈਂਦਾ ਹੈ ਤਾਂ ਕੋਈ ਚੰਗਾ ਆਹਲਾ ਅਫ਼ਸਰ ਵੀ ਉਨ੍ਹਾਂ ਨੂੰ ਡੱਕਣ ਦੀ ਹਿੰਮਤ ਨਹੀਂ ਕਰ ਪਾਉਂਦਾ।

ਗਊ ਰੱਖਿਅਕਾਂ 'ਤੇ ਵੀ ਇਹੋ ਨਿਯਮ ਲਾਗੂ ਹੁੰਦਾ ਹੈ। ਉਹ ਆਪਣੇ ਆਪ ਨੂੰ ਕਾਨੂੰਨ ਤੋਂ ਉਪਰ ਸਮਝਣ ਲੱਗ ਪੈਂਦੇ ਹਨ, ਜਿੰਨੀ ਦੇਰ ਗ਼ਲਤ ਪਛਾਣ ਦਾ ਅਜਿਹਾ ਕੋਈ ਭਾਣਾ ਨਾ ਵਾਪਰ ਜਾਵੇ। ਬਜਰੰਗ ਦਲ ਦੇ ਮੈਂਬਰਾਂ ਨੂੰ ਇਨ੍ਹਾਂ ਗਊ ਰੱਖਿਅਕਾਂ ਵਿੱਚ ਭਰਤੀ ਕੀਤਾ ਜਾਂਦਾ ਹੈ ਕਿਉਂਕਿ ਬੁਰਛਾਗਰਦੀ ਦੇ ਇਸ ਕੰਮ ਲਈ ਉਨ੍ਹਾਂ ਨੂੰ ਹੀ ਸਭ ਤੋਂ ਸੌਖਾ ਸਰੋਤ ਸਮਝਿਆ ਜਾਂਦਾ ਹੈ। ਸੁਪਰੀਮ ਕੋਰਟ ਨੇ ਹਾਲ ਹੀ ਵਿੱਚ ਇਸ ਖ਼ਤਰਨਾਕ ਵਰਤਾਰੇ ਦਾ ਨੋਟਿਸ ਲਿਆ ਹੈ। ਗਰੀਬ ਮੁਸਲਮਾਨਾਂ ਨੂੰ ਇਸ ਬੁਰਛਾਗਰਦੀ ਦੀ ਸਭ ਤੋਂ ਵੱਧ ਮਾਰ ਝੱਲਣੀ ਪਈ ਹੈ। ਇਹ ਅਖੌਤੀ ਗਊ ਰੱਖਿਅਕ ਕਿਸੇ ਦੇ ਵੀ ਘਰ ਵਿੱਚ ਦਾਖ਼ਲ ਹੋ ਸਕਦੇ ਹਨ ਜਾਂ

ਜੰਮੂ ਕਸ਼ਮੀਰ ਵਿੱਚ ਅਤਿਵਾਦ ਆਖ਼ਰੀ ਸਾਹ ਲੈ ਰਿਹਾ ਹੈ: ਮੋਦੀ

ਜੰਮੂ ਖੇਤਰ ਦੇ ਡੋਡਾ ਜ਼ਿਲ੍ਹੇ ਵਿੱਚ ਭਾਜਪਾ ਉਮੀਦਵਾਰਾਂ ਦੇ ਸਮਰਥਨ ਵਿੱਚ ਚੋਣ ਰੈਲੀ ਨੂੰ ਸੰਬੋਧਨ ਕੀਤਾ

ਜੰਮੂ, 15 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅੱਜ ਕਿਹਾ ਕਿ ਜੰਮੂ ਕਸ਼ਮੀਰ ਵਿੱਚ ਅਤਿਵਾਦ ਆਖ਼ਰੀ ਸਾਹ ਲੈ ਰਿਹਾ ਹੈ ਅਤੇ ਉਨ੍ਹਾਂ ਦੀ ਸਰਕਾਰ ਨੇ ਇਸ ਸੁੰਦਰ ਖੇਤਰ ਨੂੰ ਨਸ਼ਟ ਕਰਨ ਵਾਲੀ ਵੰਸ਼ਵਾਦੀ ਰਾਜਨੀਤੀ ਦਾ ਮੁਕਾਬਲਾ ਕਰਨ ਲਈ ਇਕ ਨਵੀਂ ਲੀਡਰਸ਼ਿਪ ਪੇਸ਼ ਕੀਤੀ ਹੈ। ਜੰਮੂ ਖੇਤਰ ਦੇ ਡੋਡਾ ਜ਼ਿਲ੍ਹੇ ਵਿੱਚ ਭਾਜਪਾ ਉਮੀਦਵਾਰਾਂ ਦੇ ਸਮਰਥਨ ਵਿੱਚ ਚੋਣ ਰੈਲੀ ਨੂੰ ਸੰਬੋਧਨ ਕਰਦੇ ਹੋਏ ਪ੍ਰਧਾਨ ਮੰਤਰੀ ਮੋਦੀ ਨੇ ਕਿਹਾ, "ਅਸੀਂ ਅਤੇ ਤੁਸੀਂ ਮਿਲ ਕੇ ਜੰਮੂ ਕਸ਼ਮੀਰ ਨੂੰ ਦੇਸ਼ ਦਾ ਇਕ ਸੁਰੱਖਿਅਤ ਤੇ ਖੁਸ਼ਹਾਲ ਹਿੱਸਾ ਬਣਾਵਾਂਗੇ।" ਵਿਧਾਨ ਸਭਾ ਦੇ ਪਹਿਲੇ ਗੇੜ ਤਹਿਤ 18 ਸਤੰਬਰ ਨੂੰ ਪੈਣ ਵਾਲੀਆਂ ਵੋਟਾਂ ਤੋਂ ਪਹਿਲਾਂ ਪ੍ਰਧਾਨ ਮੰਤਰੀ ਦੀ ਇਹ ਪਹਿਲੀ ਚੋਣ ਰੈਲੀ ਸੀ। ਪ੍ਰਧਾਨ ਮੰਤਰੀ ਨੇ ਕਿਹਾ, "ਆਜ਼ਾਦੀ ਤੋਂ ਬਾਅਦ ਜੰਮੂ ਕਸ਼ਮੀਰ ਵਿਦੇਸ਼ੀ ਤਾਕਤਾਂ ਦੇ ਨਿਸ਼ਾਨੇ 'ਤੇ ਆ ਗਿਆ ਅਤੇ ਵੰਸ਼ਵਾਦੀ ਰਾਜਨੀਤੀ ਨੇ ਇਸ ਸੋਹਣੇ ਖੇਤਰ ਨੂੰ ਅੰਦਰ ਤੋਂ ਖੋਖਲਾ ਕਰ ਦਿੱਤਾ। ਰਾਜਨੀਤਕ ਵੰਸ਼ਵਾਦੀਆਂ ਨੇ ਆਪਣੇ ਬੱਚਿਆਂ ਨੂੰ ਅੱਗੇ ਵਧਾਇਆ ਅਤੇ ਨਵੀਂ ਲੀਡਰਸ਼ਿਪ ਨੂੰ ਉਭਾਰਨ ਨਹੀਂ ਦਿੱਤਾ।" ਉਨ੍ਹਾਂ ਕਿਹਾ, "2014 ਵਿੱਚ ਕੇਂਦਰ 'ਚ ਸੱਤਾ ਵਿੱਚ ਆਉਣ ਤੋਂ ਤੁਰੰਤ ਬਾਅਦ ਅਸੀਂ ਨੌਜਵਾਨ ਲੀਡਰਸ਼ਿਪ ਨੂੰ ਉਭਾਰਨ 'ਤੇ ਧਿਆਨ ਕੇਂਦਰਿਤ ਕੀਤਾ।" ਮੋਦੀ ਨੇ ਕਿਹਾ, "ਜੰਮੂ ਕਸ਼ਮੀਰ ਵਿੱਚ ਅਤਿਵਾਦੀ ਆਖ਼ਰੀ ਸਾਹ ਲੈ ਰਿਹਾ ਹੈ।"

ਡੋਡਾ ਜ਼ਿਲ੍ਹੇ ਵਿੱਚ ਇਕ ਚੋਣ ਰੈਲੀ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਸਨਮਾਨ ਕਰਦੇ ਹੋਏ ਪਾਰਟੀ ਆਗੂ।

ਕਸ਼ਮੀਰੀ ਹਿੰਦੂਆਂ ਨੂੰ ਦਿਵਾਵਾਂਗੇ ਉਨ੍ਹਾਂ ਦਾ ਹੱਕ

ਕਸ਼ਮੀਰੀ ਹਿੰਦੂਆਂ ਨੂੰ ਲੈ ਕੇ ਪ੍ਰਧਾਨ ਮੰਤਰੀ ਨੇ ਕਿਹਾ ਕਿ ਅੱਜ ਹੀ ਅਸੀਂ ਟੀਕਾ ਲਾਲ ਟਪਲੂ ਨੂੰ ਯਾਦ ਕੀਤਾ ਹੈ, ਉਨ੍ਹਾਂ ਨੂੰ ਸ਼ਰਧਾਂਜਲੀ ਦਿੱਤੀ ਹੈ। ਤਿੰਨ ਦਹਾਕੇ ਤੋਂ ਵੱਧ ਸਮਾਂ ਹੋ ਗਿਆ, ਇਸੇ ਦਿਨ ਉਨ੍ਹਾਂ ਨੂੰ ਅੱਤਵਾਦੀਆਂ ਨੇ ਸ਼ਹੀਦ ਕੀਤਾ ਸੀ। ਉਨ੍ਹਾਂ ਦੇ ਕਤਲ ਮਗਰੋਂ ਕਸ਼ਮੀਰੀ ਪੰਡਿਤਾਂ ਨਾਲ ਅੱਤਿਆਚਾਰ ਦਾ ਸਿਲਸਿਲਾ ਵੱਧਦਾ ਗਿਆ। ਇਹ ਭਾਜਪਾ ਹੈ, ਜਿਸ ਨੇ ਕਸ਼ਮੀਰੀ ਪੰਡਿਤਾਂ ਦੀ ਆਵਾਜ਼ ਚੁੱਕੀ ਅਤੇ ਉਨ੍ਹਾਂ ਦੇ ਹਿੱਤ ਵਿਚ ਕੰਮ ਕੀਤਾ। ਜੰਮੂ-ਕਸ਼ਮੀਰ ਭਾਜਪਾ ਨੇ ਕਸ਼ਮੀਰੀ ਹਿੰਦੂਆਂ ਦੀ ਵਾਪਸੀ ਅਤੇ ਮੁੜਵਸੇਬੇ ਲਈ ਟੀਕਾ ਲਾਲ ਟਪਲੂ ਯੋਜਨਾ ਬਣਾਉਣ ਦਾ ਐਲਾਨ ਕੀਤਾ ਹੈ। ਇਸ ਤੋਂ ਕਸ਼ਮੀਰੀ ਹਿੰਦੂਆਂ ਨੂੰ ਉਨ੍ਹਾਂ ਦਾ ਹੱਕ ਦਿਵਾਉਣ ਵਿਚ ਤੇਜ਼ੀ ਆਵੇਗੀ।

ਭਾਜਪਾ ਬਣਾਉਣ ਜਾ ਰਹੀ ਹੈ ਨਵਾਂ ਜੰਮੂ-ਕਸ਼ਮੀਰ

ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਭਾਜਪਾ ਇਕ ਨਵਾਂ ਜੰਮੂ-ਕਸ਼ਮੀਰ ਬਣਾਉਣ ਜਾ ਰਹੀ ਹੈ, ਜੋ ਅੱਤਵਾਦੀ ਮੁਕਤ ਹੋਵੇਗਾ ਅਤੇ ਸੈਲਾਨੀਆਂ ਲਈ ਸਵਰਗ ਹੋਵੇਗਾ। ਜੰਮੂ-ਕਸ਼ਮੀਰ ਵਿਚ ਰਹਿਣ ਵਾਲਾ ਹਰ ਵਿਅਕਤੀ ਚਾਹੇ ਉਹ ਕਿਸੇ ਵੀ ਧਰਮ ਜਾਂ ਵਰਗ ਦਾ ਹੋਵੇ, ਭਾਜਪਾ ਦੀ ਤਰਜੀਹ ਤੁਹਾਡੇ ਹਰ ਹੱਕ ਦੀ ਰੱਖਿਆ ਕਰਨੀ ਹੈ। ਇਹ ਮੋਦੀ ਦੀ ਗਰੰਟੀ ਹੈ। ਜੰਮੂ-ਕਸ਼ਮੀਰ ਨੂੰ ਪੂਰਨ ਰਾਜ ਦਾ ਦਰਜਾ ਦੇਣ ਦਾ ਕੰਮ ਵੀ ਭਾਜਪਾ ਸਰਕਾਰ ਹੀ ਕਰੇਗੀ ਪਰ ਤੁਹਾਨੂੰ ਉਨ੍ਹਾਂ ਲੋਕਾਂ ਤੋਂ ਸਾਵਧਾਨ ਰਹਿਣਾ ਹੈ, ਜੋ ਆਪਣੇ ਸੁਆਰਥ ਲਈ ਤੁਹਾਡਾ ਹੱਕ ਖੋਹ ਰਹੇ ਹਨ।

ਬਾਰਾਮੂਲਾ ਵਿੱਚ ਸੁਰੱਖਿਆ ਬਲਾਂ ਨਾਲ ਮੁਕਾਬਲੇ 'ਚ ਤਿੰਨ ਅੱਤਵਾਦੀ ਹਲਾਕ

ਸ੍ਰੀਨਗਰ, 15 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਜੰਮੂ ਕਸ਼ਮੀਰ ਦੇ ਬਾਰਾਮੂਲਾ ਜ਼ਿਲ੍ਹੇ ਵਿੱਚ ਸੁਰੱਖਿਆ ਬਲਾਂ ਅਤੇ ਅਤਿਵਾਦੀਆਂ ਵਿਚਾਲੇ ਹੋਏ ਮੁਕਾਬਲੇ 'ਚ ਅੱਜ ਤਿੰਨ ਅਤਿਵਾਦੀ ਹਲਾਕ ਹੋ ਗਏ। ਪੁਲੀਸ ਨੇ ਇਹ ਜਾਣਕਾਰੀ ਦਿੱਤੀ। ਪੁਲੀਸ ਨੇ ਦੱਸਿਆ ਕਿ ਉੱਤਰੀ ਕਸ਼ਮੀਰ ਜ਼ਿਲ੍ਹੇ ਵਿੱਚ ਪੱਟਨ ਇਲਾਕੇ ਦੇ ਚੱਕ ਟੱਪਰ ਕ੍ਰੀਰੀ ਵਿੱਚ ਸੁਰੱਖਿਆ ਬਲਾਂ ਨੇ ਸ਼ੁੱਕਰਵਾਰ ਦੇਰ ਰਾਤ ਘੇਰਾਬੰਦੀ ਕਰ ਕੇ ਤਲਾਸ਼ੀ ਮੁਹਿੰਮ ਸ਼ੁਰੂ ਕੀਤੀ ਸੀ। ਪੁਲੀਸ ਦੇ ਇਕ ਅਧਿਕਾਰੀ ਮੁਤਾਬਕ ਇਲਾਕੇ ਵਿੱਚ ਤਲਾਸ਼ੀ ਮੁਹਿੰਮ ਦੌਰਾਨ ਅਤਿਵਾਦੀਆਂ ਨੇ ਸੁਰੱਖਿਆ ਬਲਾਂ 'ਤੇ ਗੋਲੀਬਾਰੀ ਕੀਤੀ, ਜਿਸ ਮਗਰੋਂ ਉਨ੍ਹਾਂ ਵਿਚਾਲੇ ਮੁਕਾਬਲਾ ਸ਼ੁਰੂ ਹੋ ਗਿਆ। ਉਨ੍ਹਾਂ ਦੱਸਿਆ ਕਿ ਸੁਰੱਖਿਆ ਬਲਾਂ ਨੇ ਇਲਾਕੇ ਨੂੰ ਚਾਰੋਂ ਪਾਸਿਓਂ ਘੇਰ ਲਿਆ ਸੀ ਅਤੇ ਸਵੇਰੇ ਹੋਏ ਮੁਕਾਬਲੇ ਵਿੱਚ ਉਨ੍ਹਾਂ ਨੇ ਤਿੰਨ ਅਤਿਵਾਦੀਆਂ ਨੂੰ ਹਲਾਕ ਕਰ ਦਿੱਤਾ। ਅਤਿਵਾਦੀਆਂ ਦੀ ਪਛਾਣ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਤੇ ਨਾਲ ਹੀ ਇਸ ਗੱਲ ਦਾ ਵੀ ਪਤਾ ਲਗਾਇਆ ਜਾ ਰਿਹਾ ਹੈ ਕਿ ਉਹ ਕਿਸੇ ਜਥੇਬੰਦੀ ਨਾਲ ਸਬੰਧਤ ਸਨ। ਅਧਿਕਾਰੀ ਨੇ ਦੱਸਿਆ ਕਿ ਮੁਹਿੰਮ ਅਜੇ ਵੀ ਜਾਰੀ ਹੈ।

ਹਿੰਦੀ ਤੇ ਹੋਰ ਭਾਸ਼ਾਵਾਂ ਵਿਚਾਲੇ ਕੋਈ ਮੁਕਾਬਲਾ ਨਹੀਂ, ਉਹ ਦੋਸਤ ਹਨ: ਸ਼ਾਹ

ਨਵੀਂ ਦਿੱਲੀ, 15 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਅੱਜ ਕਿਹਾ ਕਿ ਰਾਜਭਾਸ਼ਾ ਹਿੰਦੀ ਤੇ ਹੋਰ ਭਾਰਤੀ ਭਾਸ਼ਾਵਾਂ ਵਿਚਾਲੇ ਕੋਈ ਮੁਕਾਬਲਾ ਨਹੀਂ ਹੈ ਬਲਕਿ ਉਹ ਦੋਸਤ ਹਨ ਅਤੇ ਇਕ-ਦੂਜੇ ਦੀਆਂ ਪੂਰਕ ਹਨ।

ਦੇਸ਼ ਵਾਸੀਆਂ ਨੂੰ ਹਿੰਦੀ ਦਿਵਸ ਦੀ ਵਧਾਈ ਦਿੰਦਿਆਂ ਸ਼ਾਹ ਨੇ ਕਿਹਾ ਕਿ ਸੰਵਿਧਾਨ ਸਭਾ ਦੀ ਇਹ ਭਾਵਨਾ ਸੀ ਕਿ ਦੇਸ਼ ਦੇ ਸਾਰੇ ਨਾਗਰਿਕ ਇਕ-ਦੂਜੇ ਨਾਲ ਕਿਸੇ ਭਾਰਤੀ ਭਾਸ਼ਾ ਵਿੱਚ ਸੰਵਾਦ ਕਰਨ ਭਾਵੇਂ ਉਹ ਹਿੰਦੀ ਹੋਵੇ, ਤਾਮਿਲ, ਤੇਲਗੂ, ਮਲਿਆਲਮ ਜਾਂ ਗੁਜਰਾਤੀ ਹੋਵੇ। ਇਕ ਵੀਡੀਓ ਸੁਨੇਹੇ ਵਿੱਚ ਸ਼ਾਹ ਨੇ ਕਿਹਾ, "ਹਿੰਦੀ ਨੂੰ ਮਜ਼ਬੂਤ ਕਰਨ ਨਾਲ, ਇਹ ਸਾਰੀਆਂ ਭਾਸ਼ਾਵਾਂ ਲਚਕਦਾਰ ਤੇ ਖੁਸ਼ਹਾਲ ਹੋ ਜਾਣਗੀਆਂ ਅਤੇ ਸਦਭਾਵਨਾ ਨਾਲ ਸਾਰੀਆਂ ਭਾਸ਼ਾਵਾਂ ਸਾਡੇ ਸਭਿਆਚਾਰ, ਇਤਿਹਾਸ, ਸਾਹਿਤ, ਵਿਆਕਰਨ ਅਤੇ 'ਸੰਸਕਾਰ' ਅੱਗੇ ਲੈ ਕੇ ਜਾਣਗੀਆਂ।" ਉਨ੍ਹਾਂ ਕਿਹਾ ਕਿ ਇਸ ਸਾਲ ਹਿੰਦੀ ਦਿਵਸ ਹਰੇਕ ਲਈ ਕਾਫੀ ਅਹਿਮੀਅਤ ਰੱਖਦਾ ਹੈ ਕਿਉਂਕਿ 15 ਸਤੰਬਰ 1949 ਨੂੰ ਭਾਰਤ ਦੀ ਸੰਵਿਧਾਨ ਸਭਾ ਵੱਲੋਂ ਹਿੰਦੀ ਨੂੰ ਦੇਸ਼ ਦੀ ਰਾਜਭਾਸ਼ਾ ਵੱਲੋਂ ਅਪਣਾਇਆ ਗਿਆ ਸੀ। ਉਦੋਂ ਤੋਂ ਲੈ ਕੇ ਹੁਣ ਤੱਕ 75 ਸਾਲ ਹੋ ਗਏ ਹਨ ਅਤੇ ਇਸ ਸਾਲ ਦੇਸ਼ ਰਾਜਭਾਸ਼ਾ ਦੀ ਡਾਇਮੰਡ ਜੁਬਲੀ ਮਨਾਉਣ ਜਾ ਰਿਹਾ ਹੈ।

ਉਨ੍ਹਾਂ ਸਾਰੇ ਦੇਸ਼ ਵਾਸੀਆਂ ਨੂੰ ਹਿੰਦੀ ਦਿਵਸ ਮੌਕੇ ਹਿੰਦੀ ਅਤੇ ਸਥਾਨਕ ਭਾਸ਼ਾਵਾਂ ਨੂੰ ਮਜ਼ਬੂਤ ਕਰਨ ਦੀ ਸਹੁੰ ਚੁੱਕਣ ਦੀ ਅਪੀਲ ਕੀਤੀ। ਇਸੇ ਦੌਰਾਨ ਗ੍ਰਹਿ ਮੰਤਰੀ ਨੇ ਹਿੰਦੀ ਦਿਵਸ ਸਬੰਧੀ ਹੋਏ ਵੱਖ-ਵੱਖ ਸਮਾਗਮਾਂ ਵਿੱਚ ਵੀ ਸ਼ਮੂਲੀਅਤ ਕੀਤੀ।



ਪ੍ਰਧਾਨ ਮੰਤਰੀ ਮੋਦੀ ਦੇਸ਼-ਵਿਦੇਸ਼ ਘੁੰਮਦੇ ਹਨ, ਮਨੀਪੁਰ ਜਾਣ ਤੋਂ ਬਚ ਰਹੇ ਹਨ: ਰਮੇਸ਼

ਨਵੀਂ ਦਿੱਲੀ, 15 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਕਾਂਗਰਸ ਨੇ ਮਨੀਪੁਰ ਵਿੱਚ ਹਿੰਸਾ ਨੂੰ ਲੈ ਕੇ ਅੱਜ ਇਕ ਵਾਰ ਫਿਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ 'ਤੇ ਨਿਸ਼ਾਨਾ ਸੇਧਿਆ ਅਤੇ ਦੋਸ਼ ਲਾਇਆ ਕਿ ਉਹ ਦੇਸ਼ ਦੇ ਵੱਖ-ਵੱਖ ਹਿੱਸਿਆਂ ਅਤੇ ਦੂਜੇ ਦੇਸ਼ਾਂ ਦੀ ਯਾਤਰਾ ਕਰ ਰਹੇ ਹਨ ਪਰ ਇਸ ਅਸ਼ਾਂਤ ਸੂਬੇ ਵਿੱਚ ਜਾਣ ਤੋਂ ਜਾਣਬੁੱਝ ਕੇ ਬੱਚ ਰਹੇ ਹਨ। ਮਨੀਪੁਰ ਵਿੱਚ ਪਿਛਲੇ ਸਾਲ ਮਈ ਤੋਂ ਹੁਣ ਤੱਕ ਮੈਤੇਈ ਅਤੇ ਕੁਕੀ ਭਾਈਚਾਰਿਆਂ ਵਿਚਾਲੇ ਸੰਘਰਸ਼ ਵਿੱਚ 200 ਤੋਂ ਵੱਧ ਲੋਕ ਮਾਰੇ ਜਾ ਚੁੱਕੇ ਹਨ ਅਤੇ ਹਜ਼ਾਰਾਂ ਲੋਕ ਬੇਘਰ ਹੋ ਗਏ ਹਨ। ਕਾਂਗਰਸ ਦੇ ਜਨਰਲ ਸਕੱਤਰ ਰਮੇਸ਼ ਨੇ 'ਐਕਸ' ਉੱਤੇ ਪਾਈ ਇਕ ਪੋਸਟ ਵਿੱਚ ਕਿਹਾ, "3 ਮਈ 2023 ਨੂੰ ਮਨੀਪੁਰ ਵਿੱਚ ਹਿੰਸਾ ਭੜਕੀ ਅਤੇ ਸੂਬਾ ਸੜਨ ਲੱਗਾ। 3 ਜੂਨ 2023 ਨੂੰ ਹਿੰਸਾ ਅਤੇ ਦੰਗਿਆਂ ਕਰ ਕੇ ਅਤੇ ਇਸ ਦੇ ਫੈਲਣ ਦੀ ਜਾਂਚ ਲਈ ਤਿੰਨ ਮੈਂਬਰੀ ਜਾਂਚ ਕਮਿਸ਼ਨ ਦਾ ਗਠਨ ਕੀਤਾ ਗਿਆ ਸੀ। ਇਸ ਨੂੰ ਆਪਣੀ ਰਿਪੋਰਟ ਸੌਂਪਣ ਲਈ ਛੇ ਮਹੀਨੇ ਦਾ ਸਮਾਂ ਦਿੱਤਾ ਗਿਆ ਸੀ।" ਉਨ੍ਹਾਂ ਕਿਹਾ ਕਿ ਅਜੇ ਤੱਕ ਕੋਈ ਰਿਪੋਰਟ ਨਹੀਂ ਸੌਂਪੀ ਗਈ ਹੈ ਅਤੇ ਕਮਿਸ਼ਨ ਨੂੰ ਅਜਿਹਾ ਕਰਨ ਲਈ ਅਜੇ 24 ਨਵੰਬਰ 2024 ਤੱਕ ਦਾ ਸਮਾਂ ਦਿੱਤਾ ਗਿਆ ਹੈ। ਰਮੇਸ਼ ਨੇ ਕਿਹਾ ਕਿ ਇਸ ਵਿਚਾਲੇ ਮਨੀਪੁਰ ਦੇ ਲੋਕ ਲਗਾਤਾਰ ਦਰਦ ਦਾ ਸਾਹਮਣਾ ਕਰ ਰਹੇ ਹਨ। ਉਨ੍ਹਾਂ ਕਿਹਾ, "ਨਾਨ ਬਾਇਲੋਜਿਕਲ ਪ੍ਰਧਾਨ ਮੰਤਰੀ ਦੇਸ਼ ਦੇ ਹੋਰ ਹਿੱਸਿਆਂ ਅਤੇ ਵਿਦੇਸ਼ ਵਿੱਚ ਯਾਤਰਾ ਕਰਨ ਦੀ ਯੋਜਨਾ ਬਣਾਉਂਦੇ ਰਹਿੰਦੇ ਹਨ ਅਤੇ ਇਸ ਸਭ ਤੋਂ ਅਸ਼ਾਂਤ ਸੂਬੇ ਦੀ ਯਾਤਰਾ ਜਾਣਬੁੱਝ ਕੇ ਟਾਲਦੇ ਰਹਿੰਦੇ ਹਨ।

ਪ੍ਰਦਰਸ਼ਨਕਾਰੀ ਡਾਕਟਰਾਂ ਦੇ ਧਰਨਾ ਸਥਾਨ 'ਤੇ ਪੁੱਜੀ ਮਮਤਾ ਬੈਨਰਜੀ

ਕੰਮ 'ਤੇ ਪਰਤਣ ਦੀ ਕੀਤੀ ਅਪੀਲ; ਡਾਕਟਰਾਂ ਵੱਲੋਂ ਗੱਲਬਾਤ ਹੋਣ ਤੱਕ ਆਪਣੀਆਂ ਮੰਗਾਂ ਨੂੰ ਲੈ ਕੇ ਸਮਝੌਤਾ ਕਰਨ ਤੋਂ ਇਨਕਾਰ

ਕੋਲਕਾਤਾ, 15 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਅੱਜ ਅਚਾਨਕ ਜੂਨੀਅਰ ਡਾਕਟਰਾਂ ਦੇ ਧਰਨਾ ਸਥਾਨ 'ਤੇ ਪੁੱਜੀ ਅਤੇ ਉਨ੍ਹਾਂ ਦੀਆਂ ਮੰਗਾਂ 'ਤੇ ਗੌਰ ਕਰਨ ਅਤੇ ਦੋਸ਼ੀ ਪਾਏ ਜਾਣ ਵਾਲੇ ਕਿਸੇ ਵੀ ਵਿਅਕਤੀ ਖ਼ਿਲਾਫ਼ ਕਾਰਵਾਈ ਦਾ ਭਰੋਸਾ ਦਿੱਤਾ। ਸਾਲਟ ਲੇਕ ਵਿੱਚ ਸਵਾਸਥ ਭਵਨ ਦੇ ਬਾਹਰ ਪ੍ਰਦਰਸ਼ਨਕਾਰੀ ਡਾਕਟਰਾਂ ਨੂੰ ਸੰਬੋਧਨ ਕਰਦੇ ਹੋਏ ਬੈਨਰਜੀ ਨੇ ਕਿਹਾ ਕਿ ਡਾਕਟਰ ਬਾਰਿਸ਼ ਵਿੱਚ ਸੜਕ 'ਤੇ ਧਰਨਾ ਦੇ ਰਹੇ ਹਨ, ਜਿਸ ਕਾਰਨ ਉਨ੍ਹਾਂ ਦੀ ਰਾਤਾਂ ਦੀ ਨੀਂਦ ਉੱਡੀ ਹੋਈ ਹੈ। ਉਨ੍ਹਾਂ ਕਿਹਾ, "ਮੈਂ ਤੁਹਾਨੂੰ ਮੁੱਖ ਮੰਤਰੀ ਵਜੋਂ ਨਹੀਂ ਬਲਕਿ ਤੁਹਾਡੀ ਦੀਦੀ ਵਜੋਂ ਮਿਲਣ ਆਈ ਹਾਂ।" ਬੈਨਰਜੀ ਨੇ ਕਿਹਾ, "ਮੈਂ ਤੁਹਾਨੂੰ ਭਰੋਸਾ ਦਿੰਦੀ ਹਾਂ ਕਿ ਤੁਹਾਡੀਆਂ ਮੰਗਾਂ 'ਤੇ ਗੌਰ ਕਰਾਂਗੀ ਅਤੇ ਜੇ ਕੋਈ ਦੋਸ਼ੀ ਪਾਇਆ ਗਿਆ ਤਾਂ ਕਾਰਵਾਈ ਕਰਾਂਗੀ।" ਉਨ੍ਹਾਂ ਧਰਨੇ 'ਤੇ ਬੈਠੇ ਡਾਕਟਰਾਂ ਨੂੰ ਕੰਮ 'ਤੇ ਪਰਤਣ ਦੀ ਅਪੀਲ ਕੀਤੀ।

ਬੈਨਰਜੀ ਨੇ ਇਹ ਐਲਾਨ ਵੀ ਕੀਤਾ ਕਿ ਸਾਰੇ ਸਰਕਾਰੀ ਹਸਪਤਾਲਾਂ ਦੀਆਂ ਮਰੀਜ਼ ਭਲਾਈ ਕਮੇਟੀਆਂ ਨੂੰ ਤੁਰੰਤ ਪ੍ਰਭਾਵ ਤੋਂ ਭੰਗ ਕਰ ਦਿੱਤਾ ਗਿਆ ਹੈ। ਬੈਨਰਜੀ ਨੇ ਕਿਹਾ , "ਸੰਕਟ ਨੂੰ ਸੁਲਝਾਉਣ ਦੀ ਇਹ ਮੇਰੀ ਆਖਰੀ ਕੋਸ਼ਿਸ਼ ਹੈ।"

ਮੁੱਖ ਮੰਤਰੀ ਦੇ ਜਾਣ ਤੋਂ ਬਾਅਦ ਪ੍ਰਦਰਸ਼ਨਕਾਰੀ ਡਾਕਟਰਾਂ ਨੇ ਕਿਹਾ ਕਿ ਉਹ ਗੱਲਬਾਤ ਹੋਣ ਤੱਕ ਆਪਣੀਆਂ ਮੰਗਾਂ ਨੂੰ ਲੈ ਕੇ ਸਮਝੌਤਾ ਕਰਨ ਨੂੰ ਤਿਆਰ ਨਹੀਂ ਹਨ।

ਹਾਕੀ 'ਚ ਭਾਰਤ ਦੀ ਏਸ਼ਿਆਈ ਚੈਂਪੀਅਨਜ਼ ਟਰਾਫੀ ਵਿੱਚ ਲਗਾਤਾਰ ਪੰਜਵੀਂ ਜਿੱਤ

ਹੁਲੁਨਬੂਈਰ (ਚੀਨ), 15 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਪਿਛਲੇ ਚੈਂਪੀਅਨ ਭਾਰਤ ਨੇ ਆਪਣੀ ਜੇਤੂ ਮੁਹਿੰਮ ਜਾਰੀ ਰੱਖਦੇ ਹੋਏ ਅੱਜ ਇੱਥੇ ਆਪਣੇ ਰਵਾਇਤੀ ਵਿਰੋਧੀ ਪਾਕਿਸਤਾਨ ਨੂੰ 2-1 ਨਾਲ ਹਰਾ ਕੇ ਹੀਰੋ ਏਸ਼ਿਆਈ ਚੈਂਪੀਅਨਜ਼ ਟਰਾਫੀ (ਏਸੀਟੀ) ਦੇ ਸੈਮੀ ਫਾਈਨਲ ਵਿੱਚ ਪ੍ਰਵੇਸ਼ ਕੀਤਾ। ਭਾਰਤੀ ਦੀ ਇਹ ਛੇ ਟੀਮਾਂ ਦੇ ਰਾਊਂਡ ਰੌਬਿਨ ਟੂਰਨਾਮੈਂਟ ਵਿੱਚ ਲਗਾਤਾਰ ਪੰਜਵੀਂ ਜਿੱਤ ਹੈ। ਪਾਕਿਸਤਾਨ ਨੇ ਅਹਿਮਦ ਨਦੀਮ (ਅੱਠਵੇਂ ਮਿੰਟ) ਦੇ ਗੋਲ ਨਾਲ ਬੜ੍ਹਤ ਹਾਸਲ ਕੀਤੀ ਪਰ ਹਰਮਨਪ੍ਰੀਤ ਸਿੰਘ (13ਵੇਂ ਮਿੰਟ ਤੇ 19ਵੇਂ ਮਿੰਟ) ਨੇ ਦੋ ਪੈਨਲਟੀ ਕਾਰਨਰ ਨੂੰ ਗੋਲ ਵਿੱਚ ਬਦਲ ਕੇ ਭਾਰਤ ਨੂੰ ਜਿੱਤ ਦਿਵਾਈ। ਇਸ ਮੈਚ ਤੋਂ ਪਹਿਲਾਂ ਹੀ ਭਾਰਤ ਤੇ ਪਾਕਿਸਤਾਨ ਦੋਹਾਂ ਨੇ ਆਖ਼ਰੀ ਚਾਰ ਲਈ ਕੁਆਲੀਫਾਈ ਕਰ ਲਿਆ ਸੀ। ਰਾਊਂਡ ਰੌਬਿਨ ਤੋਂ ਸਿਖ਼ਰਲੀਆਂ ਚਾਰ ਟੀਮਾਂ 16 ਸਤੰਬਰ ਨੂੰ ਹੋਣ ਵਾਲੇ ਸੈਮੀ ਫਾਈਨਲ ਲਈ ਕੁਆਲੀਫਾਈ ਕਰਨਗੀਆਂ ਜਦਕਿ ਫਾਈਨਲ ਮੁਕਾਬਲਸ 17 ਸਤੰਬਰ ਨੂੰ ਹੋਵੇਗਾ।

"ਇਕ ਸ਼ਾਮ ਗ਼ਜ਼ਲ ਦੇ ਨਾਮ" ਪ੍ਰੋਗਰਾਮ ਵਿਰਾਸਤ-ਏ-ਖਾਲਸਾ ਵਿਖੇ ਅੱਜ

ਸ੍ਰੀ ਅਨੰਦਪੁਰ ਸਾਹਿਬ, 15 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਆਸਰਾ ਫਾਊਂਡੇਸ਼ਨ(ਰਜਿ:) ਸ੍ਰੀ ਅਨੰਦਪੁਰ ਸਾਹਿਬ ਵਲੋਂ ਮਾਂ ਬੋਲੀ ਪੰਜਾਬੀ, ਡਾ. ਸੁਰਜੀਤ ਪਾਤਰ ਸਾਹਿਬ ਅਤੇ ਵਾਤਾਵਰਨ ਨੂੰ ਸਮਰਪਿਤ ਇਕ ਸੰਗੀਤਕ ਪ੍ਰੋਗਰਾਮ "ਇਕ ਸ਼ਾਮ ਗ਼ਜ਼ਲ ਦੇ ਨਾਮ ਅੱਜ 15 ਸਤੰਬਰ ਦਿਨ ਐਤਵਾਰ ਨੂੰ ਦੁਪਹਿਰ 2 ਵਜੇ ਤੋਂ ਸ਼ਾਮ 5 ਵਜੇ ਤੱਕ ਵਿਰਾਸਤ-ਏ-ਖਾਲਸਾ (ਆਡੀਟੋਰੀਅਮ) ਸ੍ਰੀ ਅਨੰਦਪੁਰ ਸਾਹਿਬ ਵਿਖੇ ਆਯੋਜਿਤ ਕੀਤਾ ਜਾ ਰਿਹਾ ਹੈ।

ਆਸਰਾ ਫਾਊਂ

5 ਲੱਖ ਰੁਪਏ ਰਿਸ਼ਵਤ ਲੈਣ ਵਾਲਾ ਪਟਵਾਰੀ ਵਿਜੀਲੈਂਸ ਬਿਊਰੋ ਵੱਲੋਂ ਭ੍ਰਿਸ਼ਟਾਚਾਰ ਦੇ ਕੇਸ ਵਿੱਚ ਗ੍ਰਿਫ਼ਤਾਰ

ਚੰਡੀਗੜ੍ਹ, 15 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਵਿਜੀਲੈਂਸ ਬਿਊਰੋ ਨੇ ਪਿੰਡ ਕਰੂਰਾਂ, ਤਹਿਸੀਲ ਨੂਰਪੁਰਬੇਦੀ, ਵਿਖੇ ਜੰਗਲਾਤ ਵਿਭਾਗ, ਪੰਜਾਬ ਦੀ ਜ਼ਮੀਨ ਦਾ ਗੈਰ-ਕਾਨੂੰਨੀ ਤਬਾਦਲਾ/ਇੰਤਕਾਲ ਕਰਨ ਦੇ ਦੋਸ਼ ਹੇਠ ਰੂਪਨਗਰ ਜ਼ਿਲ੍ਹੇ ਦੇ ਮਾਲ ਸਰਕਲ ਡੂਮੇਵਾਲ, ਤਹਿਸੀਲ ਨੰਗਲ ਵਿਖੇ ਤਾਇਨਾਤ ਪਟਵਾਰੀ (ਹੁਣ ਕਾਨੂੰਗੋ) ਕੁਲਦੀਪ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਹੈ।

ਇਸ ਸਬੰਧੀ ਹੋਰ ਜਾਣਕਾਰੀ ਦਿੰਦਿਆਂ ਅੱਜ ਇੱਥੇ ਰਾਜ ਵਿਜੀਲੈਂਸ ਬਿਊਰੋ ਦੇ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਇਸ ਸਬੰਧੀ ਥਾਣਾ ਨੂਰਪੁਰਬੇਦੀ, ਰੂਪਨਗਰ ਵਿਖੇ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਦੀ ਧਾਰਾ 7, 7ਏ, 8, 13 ਅਤੇ ਆਈਪੀਸੀ ਦੀ ਧਾਰਾ 420, 465, 467, 468, 471, 120-ਬੀ ਤਹਿਤ ਪਹਿਲਾਂ ਹੀ ਮੁਕੱਦਮਾ ਨੰਬਰ 69, ਮਿਤੀ 28.06.2022 ਤਹਿਤ ਕੇਸ ਦਰਜ ਹੈ। ਉਨ੍ਹਾਂ ਅੱਗੇ ਦੱਸਿਆ ਕਿ ਸਾਲ 2020 ਵਿੱਚ ਰਾਜ ਦੇ ਮਾਲ ਵਿਭਾਗ ਅਤੇ ਜੰਗਲਾਤ ਵਿਭਾਗ ਦੇ ਅਧਿਕਾਰੀਆਂ/ਕਰਮਚਾਰੀਆਂ ਨੇ ਹੋਰ ਵਿਅਕਤੀਆਂ ਨਾਲ ਮਿਲੀਭੁਗਤ ਕਰਕੇ ਤਹਿਸੀਲ ਨੂਰਪੁਰਬੇਦੀ ਦੇ ਪਿੰਡ ਕਰੂਰਾਂ ਦੀ 54 ਏਕੜ ਦੀ ਜ਼ਮੀਨ ਮਹਿੰਗੇ ਭਾਅ 'ਤੇ ਜੰਗਲਾਤ ਵਿਭਾਗ ਦੇ ਨਾਂ 'ਤੇ ਰਜਿਸਟਰੀ ਕਰਵਾਈ ਸੀ, ਜਿਸ ਕਰਕੇ ਰਾਜ ਸਰਕਾਰ ਨੂੰ 5.35 ਕਰੋੜ ਰੁਪਏ ਦਾ ਨੁਕਸਾਨ ਹੋਇਆ ਸੀ।

ਬੁਲਾਰੇ ਨੇ ਅੱਗੇ ਦੱਸਿਆ ਕਿ ਉਕਤ ਪਟਵਾਰੀ ਕੁਲਦੀਪ ਸਿੰਘ ਨੇ ਹੋਰ ਵਿਅਕਤੀਆਂ ਨਾਲ ਮਿਲੀਭੁਗਤ ਕਰਕੇ ਜ਼ਮੀਨ ਦਾ ਇਹ ਗੈਰ-ਕਾਨੂੰਨੀ/ਫ਼ਰਜੀ ਤਬਾਦਲਾ ਦਰਜ ਕਰਵਾਇਆ ਅਤੇ ਉਸ ਸਮੇਂ ਦੇ ਨਾਇਬ-ਤਹਿਸੀਲਦਾਰ ਰਘਵੀਰ ਸਿੰਘ ਦੀ ਮਿਲੀਭੁਗਤ ਨਾਲ 73 ਫਰਜ਼ੀ ਇੰਤਕਾਲ ਅਤੇ ਤਬਾਦਲੇ ਮਨਜ਼ੂਰ ਕਰਵਾਏ।

ਉਨ੍ਹਾਂ ਅੱਗੇ ਦੱਸਿਆ ਕਿ ਪੜਤਾਲ ਦੌਰਾਨ ਪਾਇਆ ਗਿਆ ਕਿ ਉਕਤ ਮੁਲਜ਼ਮ ਨੇ ਇਸ ਕੰਮ ਬਦਲੇ 15.09.2020 ਨੂੰ ਰਿਸ਼ਵਤ ਵਜੋਂ 5 ਲੱਖ ਰੁਪਏ ਲਏ ਸਨ ਅਤੇ ਆਪਣੀ ਪਤਨੀ ਸਨਪ੍ਰੀਤ ਸੋਖੋਂ ਦੇ ਅੰਮ੍ਰਿਤਸਰ ਸਥਿਤ ਇੱਕ ਪੁਰਾਣੇ ਬੈਂਕ ਖਾਤੇ ਵਿੱਚ ਜਮ੍ਹਾਂ ਕਰਵਾ ਦਿੱਤੇ ਸਨ।

ਉਨ੍ਹਾਂ ਅੱਗੇ ਦੱਸਿਆ ਕਿ ਉਕਤ ਮੁਲਜ਼ਮ ਪਟਵਾਰੀ ਨੂੰ ਭਲਕੇ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ ਅਤੇ ਇਸ ਮਾਮਲੇ ਦੀ ਅਗਲੇਰੀ ਤਫਤੀਸ਼ ਜਾਰੀ ਹੈ।

ਭਾਰੀ ਮਾਤਰਾ ਨਸ਼ੀਲੀਆਂ ਦਵਾਈਆਂ ਸਮੇਤ ਤਸਕਰ ਗ੍ਰਿਫ਼ਤਾਰ

ਜ਼ੀਰਕਪੁਰ, 15 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਪੁਲਿਸ ਨੇ ਭਾਰੀ ਮਾਤਰਾ ਨਸ਼ੀਲੀਆਂ ਦਵਾਈਆਂ ਸਮੇਤ ਦੋ ਵਿਅਕਤੀਆਂ ਨੂੰ ਕਾਬੂ ਕੀਤਾ ਹੈ। ਐਂਟੀ-ਨਾਰਕੋਟਿਕਸ ਕਮ ਸ਼ਪੈਸ਼ਲ ਓਪਰੇਸ਼ਨ ਸੈਲ ਰੇਂਜ ਰੂਪਨਗਰ ਕੈਂਪ ਐਟ ਮੋਹਾਲੀ ਦੀ ਟੀਮ ਇੰਚਾਰਜ ਥਾਣੇਦਾਰ ਸੁਖਵਿੰਦਰ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਰੇਜ ਐਂਟੀ-ਨਾਰਕੋਟਿਕਸ ਕਮ ਸ਼ਪੈਸ਼ਲ ਓਪਰੇਸ਼ਨ ਸੈਲ ਰੇਂਜ ਰੂਪਨਗਰ ਕੈਂਪ ਐਟ ਮੋਹਾਲੀ ਦੀ ਟੀਮ ਨੇ ਸ੍ਰੀਮਤੀ ਨੀਲਾਂਬਰੀ ਜਗਦਲੇ, ਡੀ.ਆਈ.ਜੀ ਰੇਂਜ ਰੂਪਨਗਰ ਦੇ ਦਿਸ਼ਾ ਨਿਰਦੇਸ਼ਾ ਹੇਠ ਨਸ਼ਾ ਤਸਕਰਾ ਅਤੇ ਮਾੜੇ ਅਨਸਰਾ ਖਿਲਾਫ ਕਾਰਵਾਈ ਕਰਦੇ ਹੋਏ ਇੱਕ ਨੌਜਵਾਨ ਸਮਗਲਰ ਨੂੰ 50 ਨਸ਼ੀਲੀ ਸ਼ੀਸ਼ੀਆਂ, 2120 ਨਸ਼ੀਲੇ ਕੈਪਸੂਲ, 6470 ਨਸ਼ੀਲੀ ਗੋਲੀਆਂ, 36 ਨਸ਼ੀਲੇ ਟੀਕਿਆਂ ਅਤੇ 20 ਹਜ਼ਾਰ ਰੁਪਏ ਡਰੱਗ ਮਨੀ ਸਮੇਤ ਗ੍ਰਿਫਤਾਰ ਕਰਨ ਵਿਚ ਸਫਲਤਾ ਹਾਸਲ ਕੀਤੀ ਹੈ। ਉਨ੍ਹਾਂ ਦੱਸਿਆ ਕਿ ਬੀਤੇ ਦਿਨੀ ਉਨ੍ਹਾਂ ਦੀ ਅਗਵਾਈ ਹੇਠ ਪੁਲਿਸ ਪਾਰਟੀ ਨੇੜੇ ਨੌ ਗਜਾ ਪੀਰ, ਸੈਣੀ ਵਿਹਾਰ ਫੇਸ-1 ਬਲਟਾਨਾ ਮੌਜੂਦ ਸੀ ਤਾਂ ਇੰਚਾਰਜ ਸੁਖਵਿੰਦਰ ਸਿੰਘ ਨੂੰ ਮੁੱਖਬਰੀ ਹੋਈ ਕਿ ਸੰਜੇ ਕੁਮਾਰ ਉਰਫ ਸੰਜੂ ਪੁੱਤਰ ਰਾਮ ਬਾਬੂ ਵਾਸੀ ਮਕਾਨ ਨੰਬਰ 389, ਵਿਕਾਸ ਨਗਰ ਮੌਲੀ ਜਗਰਾ ਚੰਡੀਗੜ੍ਹ, ਜੋ ਕਿ ਨਸ਼ੀਲੀਆ ਦਵਾਈਆਂ ਦੀ ਸਪਲਾਈ ਦੇਣ ਨੇੜੇ ਨੌ ਗਜਾ ਪੀਰ ਸੈਣੀ ਵਿਹਾਰ ਫੇਸ-1 ਬਲਟਾਨਾ ਵਾਲੀ ਗਲੀ ਵਿਚ ਸਪਲੈਂਡਰ ਮੋਟਰਸਾਈਕਲ ਤੇ ਆਉਣ ਵਾਲਾ ਹੈ ਜਿਸ ਪਾਸੋ ਭਾਰੀ ਮਾਤਰਾ ਵਿਚ ਨਸ਼ੀਲੀਆ ਦਵਾਈਆਂ ਬ੍ਰਾਮਦ ਹੋ ਸਕਦੀਆ ਹਨ। ਸੂਚਨਾ ਤੇ ਸੰਜੇ ਕੁਮਾਰ ਉਰਫ ਸੰਜੂ ਉੱਕਤ ਖਿਲਾਫ ਥਾਣਾ ਜੀਰਕਪੁਰ ਵਿਖੇ ਐਨਡੀਪੀਐਸ ਐਕਟ ਤਹਿਤ ਮੁਕੱਦਮਾ ਦਰਜ ਕਰ ਉਕਤ ਵਿਅਕਤੀ ਨੂੰ ਸਮੇਤ ਉਕਤ ਮੋਟਰਸਾਈਕਲ ਤੇ ਪਿਠੂ ਬੈਗ ਸਮੇਤ ਕਾਬੂ ਕੀਤਾ ਗਿਆ। ਜਿਸਨੇ ਪੁੱਛਗਿਛ ਤੇ ਦਸਿਆਂ ਕਿ ਉਸਦੇ ਖਿਲਾਫ ਪਹਿਲਾ ਵੀ ਸੈਕਟਰ 39 ਚੰਡੀਗੜ੍ਹ ਵਿਖੇ ਐਨਡੀਪੀਐਸ ਐਕਟ ਤਹਿਤ ਮੁਕੱਦਮਾ ਦਰਜ ਹੈ। ਸੰਜੇ ਕੁਮਾਰ ਉਰਫ ਸੰਜੂ ਉਕਤ ਦੀ ਅਤੇ ਉਸਦੇ ਪਿੱਠੂ ਬੈਗ ਦੀ ਤਲਾਸ਼ੀ ਡੀਐਪਪੀ ਸਬ ਡਵੀਜਨ ਜ਼ੀਰਕਪੁਰ ਜਸਪਿੰਦਰ ਸਿੰਘ ਗਿੱਲ ਦੀ ਹਾਜਰੀ ਵਿਚ ਹਦਾਇਤ ਅਨੁਸਾਰ ਲਈ ਗਈ। ਜਿਸ ਕੋਲੋਂ ਹੇਠ ਲਿਖਿਆ ਸੀ-ਕਾਫ਼ ਸਿਰਪ 10 ਸੀਸੀਆਂ, ਕੌਡੀਕੋਨ 40 ਸੀਸੀਆਂ, ਪੈਰਵੋਡੌਨ ਸਪਾਸ ਕੈਪਸੂਲ ਡੈ 140 ਪੱਤੇ, ਪਰਵੀਓਨ ਸਪਾਸ ਦੇ 30 ਪੱਤੇ, ਟ੍ਰਾਮਵੇਲ ਗੋਲੀਆਂ ਦੇ 45 ਪੱਤੇ, ਲੋਮੋਟਿਲ ਦੀਆਂ 4500 ਗੋਲੀਆਂ, ਫੇਨਿਰਾਮਾਇਨ ਮਲੀਏਟ ਇੰਜੈਕਸ਼ਨ ਏਵਿਲ 18 ਸੀਸੀਆਂ, ਬੁਪਰੀਨੋਰਫਿ ਇੰਜੈਕਸ਼ਨ 36 ਟੀਕੇ ਨਸ਼ੀਲੀਆਂ ਦਵਾਈਆਂ ਅਤੇ 20 ਹਜ਼ਾਰ ਰੁਪਏ ਡਰਗ ਮਨੀ ਬ੍ਰਾਮਦ ਹੋਏ ਹਨ। ਦੋਸ਼ੀ ਨੂੰ ਅੱਜ ਮਾਨਯੋਗ ਅਦਾਲਤ ਵਿਚ ਪੇਸ਼ ਕਰਕੇ ਪੁਲਿਸ ਰਿਮਾਂਡ ਹਾਸਲ ਕਰ ਦੋਸ਼ੀ ਦੇ ਇਸ ਨਸ਼ੀਲੀਆ ਦਵਾਇਆਂ ਦੇ ਧੰਦੇ ਸਬੰਧੀ ਬੈਕਵਰਡ ਅਤੇ ਫਾਰਵਰਡ ਲਿੰਕ ਦੀ ਡੂੰਘਾਈ ਨਾਲ ਜਾਂਚ ਕੀਤੀ ਜਾ ਰਹੀ ਹੈ ਕਿ ਉਹ ਇਹ ਨਸ਼ੀਲੀ ਦਵਾਈਆਂ ਕਿਥੋ ਲੈ ਕੇ ਆਉਂਦਾ ਹੈ ਅਤੇ ਅੱਗੇ ਕਿਸ-ਕਿਸ ਨੂੰ ਵੇਚਦਾ ਹੈ।

ਡਾਕਟਰਾਂ ਦੀ ਹੜਤਾਲ ਕਾਰਨ ਮਰੀਜ਼ਾਂ ਦੀਆਂ ਮੁਸ਼ਕਲਾਂ ਵਿੱਚ ਵਾਧਾ

ਪਟਿਆਲਾ, 15 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਸਰਕਾਰੀ ਹਸਪਤਾਲ ਤੇ ਸਿਹਤ ਕੇਂਦਰਾਂ ਵਿੱਚ ਡਾਕਟਰਾਂ ਦੀ ਸੁਰੱਖਿਆ ਯਕੀਨੀ ਬਣਾਉਣ ਸਮੇਤ ਹੋਰ ਮੰਗਾਂ ਮੰਨਵਾਉਣ ਲਈ ਪੰਜਾਬ ਭਰ ਦੇ ਸਰਕਾਰੀ ਡਾਕਟਰਾਂ ਵੱਲੋਂ ਵਿੱਢੀ ਗਈ ਹੜਤਾਲ ਅੱਜ ਲਗਾਤਾਰ ਤੀਜੇ ਦਿਨ ਵੀ ਜਾਰੀ ਰਹੀ। ਇਸ ਦੌਰਾਨ ਰੋਜ਼ਾਨਾ ਦੀ ਤਰ੍ਹਾਂ ਸਵੇਰੇ 8 ਤੋਂ 11 ਵਜੇ ਤੱਕ ਸਰਕਾਰੀ ਹਸਪਤਾਲਾਂ ਅਤੇ ਸਿਹਤ ਕੇਂਦਰਾਂ ਵਿਚ ਓਪੀਡੀ ਬੰਦ ਰਹੀ ਜਿਸ ਕਰਕੇ ਮਰੀਜ਼ਾਂ ਨੂੰ ਸਮੱਸਿਆਵਾਂ ਦਾ ਸਾਹਮਣਾ ਕਰਨਾ ਪਿਆ। ਹੜਤਾਲ ਕਾਰਨ ਅਪਰੇਸ਼ਨ ਦੀਆਂ ਤਰੀਕਾਂ ਵੀ ਅੱਗੇ ਪੈ ਗਈਆਂ। ਮਰੀਜ਼ਾਂ ਨੇ ਕਿਹਾ ਕਿ ਜੋ ਅਪਰੇਸ਼ਨ ਅਤੇ ਚੈੱਕਅਪ ਪਿਛਲੇ ਦਿਨੀਂ ਹੋਣੇ ਚਾਹੀਦੇ ਸਨ, ਉਹ ਲਗਾਤਾਰ ਅੱਗੇ ਪੈਣ ਕਾਰਨ ਉਨ੍ਹਾਂ ਨੂੰ ਤਕਲੀਫ਼ ਅਤੇ ਖਤਰਾ ਆਦਿ ਵਧ ਰਿਹਾ ਹੈ। ਅਜਿਹੀ ਸੂਰਤ 'ਚ ਸਰਦੇ ਪੁੱਜਦੇ ਘਰਾਂ ਦੇ ਕੁਝ ਮਰੀਜ਼ਾਂ ਨੇ ਪ੍ਰਾਈਵੇਟ ਡਾਕਟਰਾਂ ਤੋਂ ਇਲਾਜ ਕਰਵਾਉਣਾ ਜ਼ਰੂਰੀ ਸਮਝਿਆ। ਜ਼ਿਕਰਯੋਗ ਹੈ ਕਿ ਇਸ ਹੜਤਾਲ ਦੀ ਅਗਵਾਈ ਪੰਜਾਬ ਸਿਵਲ ਮੈਡੀਕਲ ਸਰਵਿਸਿਜ ਐਸੋਸੀਏਸਨ ਵੱਲੋਂ ਕੀਤੀ ਜਾ ਰਹੀ ਹੈ। ਇਸ ਸਬੰਧੀ ਅੱਜ ਇਥੇ ਮਾਤਾ ਕੁਸ਼ੱਲਿਆ ਸਰਕਾਰੀ ਜ਼ਿਲ੍ਹਾ ਹਸਪਤਾਲ ਪਟਿਆਲਾ ਵਿਖੇ ਪੰਜਾਬ ਸਿਵਲ ਮੈਡੀਕਲ ਸਰਵਿਸਿਜ ਐਸੋਸੀਏਸਨ ਪਟਿਆਲਾ ਦੇ ਪ੍ਰਧਾਨ ਡਾ. ਸੁਮੀਤ ਸਿੰਘ ਦੀ ਅਗਵਾਈ ਹੇਠਾਂ ਕੀਤੇ ਗਏ ਪ੍ਰਦਸ਼ਨ ਮੌਕੇ ਡਾ. ਵਿਕਾਸ ਗੋਇਲ ਸਮੇਤ ਹੋਰਨਾਂ ਨੇ ਸਰਕਾਰ ਤੋਂ ਉਨ੍ਹਾਂ ਦੀ ਜਾਇਜ਼ ਮੰਗ ਦੀ ਪੂਰੀ ਕਰਨ ਦੀ ਅਪੀਲ ਕੀਤੀ। ਇਲਾਕੇ ਦੇ ਸਮਾਜ ਸੈਵੀ ਗਿਆਨੀ ਭੁਪਿੰਦਰ ਸਿੰਘ ਗੋਲੂ ਅਤੇ ਬਲਵਿੰਦਰ ਸਿੰਘ ਸੈਂਭੀ ਸਮੇਤ ਕਈ ਹੋਰਨਾਂ ਨੇ ਸਰਕਾਰ ਤੋਂ ਮੰਗ ਕੀਤੀ ਕਿ ਡਾਕਟਰਾਂ ਦੀਆਂ ਮੰਗਾਂ ਮੰਨ ਕੇ ਮਰੀਜ਼ਾਂ ਨੂੰ ਰਾਹਤ ਦਿੱਤੀ ਜਾਵੇ।

ਸਮਾਣਾ : ਸਿਵਲ ਹਸਪਤਾਲ ਦੇ ਡਾਕਟਰਾਂ ਦੀ ਚੱਲ ਰਹੀ ਤਿੰਨ ਦਿਨਾਂ ਹੜਤਾਲ ਕਾਰਨ ਮਰੀਜ਼ਾਂ ਨੂੰ ਕਾਫੀ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਹਸਪਤਾਲ ਵਿੱਚ ਵੱਖ-ਵੱਖ ਪਿੰਡਾਂ ਤੋਂ ਆਏ ਸੈਂਕੜੇ ਮਰੀਜ਼ਾਂ ਨੇ ਦੱਸਿਆ ਕਿ ਉਹ ਕਈ ਦਿਨਾਂ ਤੋਂ ਹਸਪਤਾਲ 'ਚ ਦਵਾਈ ਲੈਣ ਆ ਰਹੇ ਹਨ, ਪਰ ਉਨ੍ਹਾਂ ਨੂੰ ਨਸ਼ਾ ਛਡਾਊ ਕੇਂਦਰ ਵਿੱਚ ਵੀ ਦਵਾਈ ਨਹੀਂ ਮਿਲ ਰਹੀ ਜਿਸ ਕਾਰਨ ਉਨਾਂ ਦੀ ਸਿਹਤ ਖਰਾਬ ਹੋ ਰਹੀ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਜੇ ਕਰ ਉਹ ਪਟਿਆਲਾ ਤੋਂ ਵੱਧ ਦਵਾਈ ਡਾਕਟਰ ਤੋਂ ਲਿਖਾ ਕੇ ਲਿਆਉਂਦੇ ਹਨ ਤਾਂ ਉਨ੍ਹਾਂ ਨੂੰ ਵੱਧ ਦਿਨਾਂ ਦੀ ਦਵਾਈ ਨਹੀਂ ਦਿੱਤੀ ਜਾਂਦੀ। ਐੱਸਐੱਮਓ ਡਾ. ਜਤਿਨ ਡਾਹਰਾ ਨੇ ਦੱਸਿਆ ਕਿ 11 ਵਜੇ ਤੋਂ ਬਾਅਦ ਮਰੀਜ਼ਾਂ ਨੂੰ ਓਪੀਡੀ ਦੀ ਸਹੂਲਤ ਦਿੱਤੀ ਜਾਂਦੀ ਹੈ।

ਡਾਕਟਰਾਂ ਦੀ ਸੁਰੱਖਿਆ ਲਈ ਜ਼ਿਲ੍ਹਾ ਪੱਧਰੀ ਬੋਰਡ ਕਾਇਮ

ਸੰਗਰੂਰ ਦੇ ਡਿਪਟੀ ਕਮਿਸ਼ਨਰ ਜਤਿੰਦਰ ਜੋਰਵਾਲ ਦੀ ਅਗਵਾਈ ਵਿੱਚ ਜ਼ਿਲ੍ਹਾ ਸਿਹਤ ਬੋਰਡ ਕਾਇਮ ਕੀਤਾ ਗਿਆ। ਡਿਪਟੀ ਕਮਿਸ਼ਨਰ ਇਸ ਬੋਰਡ ਦੇ ਚੇਅਰਪਰਸਨ ਹੋਣਗੇ। ਬੋਰਡ ਦੀ ਪਲੇਠੀ ਮੀਟਿੰਗ ਉਪਰੰਤ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਜ਼ਿਲ੍ਹੇ ਦੇ ਸਿਹਤ ਕੇਂਦਰਾਂ ਦਾ ਸੁਰੱਖਿਆ ਆਡਿਟ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਇਥੇ ਲਾਏ ਗਾਏ ਸੀਸੀਟੀਵੀ ਕੈਮਰੇ ਕਾਰਜਸ਼ੀਲ ਹੋਣ ਨੂੰ ਯਕੀਨੀ ਬਣਾਇਆ ਜਾਵੇਗਾ ਅਤੇ ਵਾਧੂ ਲਾਈਟਾਂ ਦਾ ਪ੍ਰਬੰਧ ਕੀਤਾ ਜਾਵੇਗਾ। ਡਿਪਟੀ ਕਮਿਸ਼ਨਰ ਨੇ ਅੰਗਰੇਜ਼ੀ ਅਤੇ ਪੰਜਾਬੀ ਭਾਸ਼ਾ ਵਿੱਚ ਡਿਸਪਲੇ ਬੋਰਡ ਲਾਉਣ ਦੀ ਹਦਾਇਤ ਵੀ ਕੀਤੀ।

ਪੈਰਾ-ਓਲੰਪਿਕ 'ਚ ਸੋਨ ਤਗ਼ਮਾ ਜਿੱਤ ਕੇ ਪਰਤੇ ਹਰਵਿੰਦਰ ਸਿੰਘ ਦਾ ਨਿੱਘਾ ਸਵਾਗਤ

ਤੀਰ-ਅੰਦਾਜ਼ ਹਰਵਿੰਦਰ ਸਿੰਘ ਅਤੇ ਪੂਜਾ ਦਾ ਸਵਾਗਤ ਕੀਤੇ ਜਾਣ ਦੀ ਝਲਕ।

ਪਟਿਆਲਾ, 15 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਪੈਰਿਸ ਵਿੱਚ ਪੈਰਾ-ਓਲੰਪਿਕ ਖੇਡਾਂ ਵਿੱਚ ਸੋਨ ਤਗ਼ਮਾ ਜਿੱਤ ਕੇ ਪਰਤੇ ਤੀਰ-ਅੰਦਾਜ਼ ਹਰਵਿੰਦਰ ਸਿੰਘ ਤੇ ਸੈਮੀਫਾਈਨਲ ਤੱਕ ਜਾਣ ਵਾਲੀ ਤੀਰ-ਅੰਦਾਜ਼ ਪੂਜਾ ਦਾ ਪੰਜਾਬੀ ਯੂਨੀਵਰਸਿਟੀ ਕੈਂਪਸ ਵਿਖੇ ਪੁੱਜਣ ਮੌਕੇ ਮੇਨ ਗੇਟ 'ਤੇ ਫੁੱਲਾਂ ਦੇ ਹਾਰ ਪਾ ਕੇ ਸਵਾਗਤ ਕੀਤਾ ਗਿਆ। ਇਸ ਉਪਰੰਤ ਦੋਹਾਂ ਨੂੰ ਇੱਕ ਓਪਨ ਗੱਡੀ ਰਾਹੀਂ ਕਾਫ਼ਲੇ ਦੇ ਰੂਪ ਵਿੱਚ ਸਾਇੰਸ ਆਡੀਟੋਰੀਅਮ ਤੱਕ ਲਿਜਾਇਆ ਗਿਆ। ਢੋਲ ਦੇ ਡੱਗੇ ਉੱਤੇ ਨੱਚਦੇ ਇਸ ਕਾਫ਼ਲੇ ਵਿੱਚ ਸ਼ਾਮਲ ਵਿਦਿਆਰਥੀਆਂ ਵਿੱਚ ਉਤਸ਼ਾਹ ਵੇਖਣ ਨੂੰ ਮਿਲਿਆ। ਇਸ ਉਪਰੰਤ ਪੰਜਾਬੀ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਕੇਕੇ ਯਾਦਵ ਵੱਲੋਂ ਸਾਇੰਸ ਆਡੀਟੋਰੀਅਮ ਵਿੱਚ ਚਲਦੇ ਪ੍ਰੋਗਰਾਮ ਦੌਰਾਨ ਫ਼ੋਨ ਕਾਲ ਰਾਹੀਂ ਦੋਹਾਂ ਖਿਡਾਰੀਆਂ ਨਾਲ ਵਿਸ਼ੇਸ਼ ਤੌਰ 'ਤੇ ਗੱਲ ਕੀਤੀ ਅਤੇ ਉਨ੍ਹਾਂ ਨੂੰ ਸ਼ੁੱਭਕਾਮਨਾਵਾਂ ਦਿੱਤੀਆਂ। ਡੀਨ ਅਕਾਦਮਿਕ ਪ੍ਰੋ. ਨਰਿੰਦਰ ਕੌਰ ਮੁਲਤਾਨੀ ਨੇ ਇਸ ਮੌਕੇ ਦੋਹਾਂ ਖਿਡਾਰੀਆਂ ਨੂੰ ਵਧਾਈ ਦਿੱਤੀ ਅਤੇ ਪੈਰਾ ਓਲੰਪਿਕ ਖੇਡਾਂ ਦੇ ਇਤਿਹਾਸ ਅਤੇ ਮਹੱਤਵ ਬਾਰੇ ਵੀ ਚਾਨਣਾ ਪਾਇਆ। ਤੀਰ-ਅੰਦਾਜ਼ ਹਰਵਿੰਦਰ ਸਿੰਘ ਨੇ ਆਪਣੇ ਦਿਲ ਦੇ ਭਾਵ ਸਾਂਝੇ ਕਰਦਿਆਂ ਕਿਹਾ ਕਿ ਪੰਜਾਬੀ ਯੂਨੀਵਰਸਿਟੀ ਵਿੱਚ ਪਹੁੰਚ ਕੇ ਉਸ ਨੂੰ ਮਾਣ ਮਹਿਸੂਸ ਹੋ ਰਿਹਾ ਹੈ। ਉਨ੍ਹਾਂ ਕਿਹਾ ਕਿ ਯੂਨੀਵਰਸਿਟੀ ਨੇ ਉਸ ਨੂੰ ਆਪਣੇ ਸੁਫ਼ਨੇ ਪੂਰੇ ਕਰਨ ਦਾ ਮੌਕਾ ਅਤੇ ਪਲੇਟਫ਼ਾਰਮ ਦਿੱਤਾ ਹੈ। ਐੱਨਆਈਐੱਸ ਪਟਿਆਲਾ ਤੋਂ ਕਾਰਜਕਾਰੀ ਡਾਇਰੈਕਟਰ ਵਿਨੀਤ ਨੇ ਕਿਹਾ ਕਿ ਉਸ ਨੂੰ ਮਾਣ ਹੈ ਕਿ 1993 ਦੇ ਦੌਰ ਵਿੱਚ ਉਸ ਨੇ ਜੋ ਆਪਣੇ ਵਿਦਿਆਰਥੀ ਤੀਰ-ਅੰਦਾਜ਼ ਪੈਦਾ ਕੀਤੇ ਸਨ। ਸਵਾਗਤੀ ਭਾਸ਼ਣ ਦੌਰਾਨ ਖੇਡ ਵਿਭਾਗ ਦੇ ਡਾਇਰੈਕਟਰ ਡਾ. ਅਜੀਤਾ ਨੇ ਦੋਹਾਂ ਖਿਡਾਰੀਆਂ ਨੂੰ ਵਧਾਈ ਦਿੱਤੀ। ਕੋਚ ਜੀਵਨਜੋਤ ਸਿੰਘ ਤੇਜਾ ਨੇ ਹਰਵਿੰਦਰ ਸਿੰਘ ਅਤੇ ਪੂਜਾ ਦੇ ਹਵਾਲੇ ਨਾਲ਼ ਗੱਲ ਕਰਦਿਆਂ ਕਿਹਾ ਕਿ ਅਜਿਹੇ ਵਿਦਿਆਰਥੀ ਖਿਡਾਰੀ ਹਰੇਕ ਕੋਚ ਦੇ ਨਸੀਬ ਵਿੱਚ ਨਹੀਂ ਹੁੰਦੇ। ਅਜਿਹੇ ਵਿਦਿਆਰਥੀਆਂ ਤੇ ਉਹਨਾਂ ਨੂੰ ਮਾਣ ਹੈ। ਜ਼ਿਕਰਯੋਗ ਹੈ ਕਿ ਹਰਵਿੰਦਰ ਸਿੰਘ ਪੰਜਾਬੀ ਯੂਨੀਵਰਸਿਟੀ ਦੇ ਅਰਥ-ਸ਼ਾਸਤਰ ਵਿਭਾਗ ਵਿੱਚ ਪੀ-ਐੱਚ. ਡੀ. ਖੋਜਾਰਥੀ ਵਜੋਂ ਆਪਣਾ ਖੋਜ ਕਾਰਜ ਕਰ ਰਿਹਾ ਹੈ। 33 ਸਾਲਾ ਖਿਡਾਰੀ ਹਰਵਿੰਦਰ ਸਿੰਘ ਹਰਿਆਣਾ ਦੇ ਕੈਥਲ ਜ਼ਿਲ੍ਹੇ ਦਾ ਵਸਨੀਕ ਹੈ। ਕੋਚ ਗੌਰਵ ਸ਼ਰਮਾ ਨੇ ਦੱਸਿਆ ਕਿ ਹਰਵਿੰਦਰ ਸਿੰਘ ਅਤੇ ਪੂਜਾ ਬਹੁਤ ਹੀ ਪ੍ਰਤਿਭਾਵਾਨ ਅਤੇ ਮਿਹਨਤੀ ਖਿਡਾਰੀ ਹਨ।

ਪੰਜਾਬੀ ਯੂਨੀਵਰਸਿਟੀ: ਵਿਦਿਆਰਥੀ ਜਥੇਬੰਦੀਆਂ ਨੇ ਵੀਸੀ ਦਫ਼ਤਰ ਘੇਰਿਆ

ਪਟਿਆਲਾ, 15 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਵੀਸੀ ਦਫਤਰ ਦਾ ਘਿਰਾਓ ਕਰਦੇ ਹੋਏ ਸਾਂਝੇ ਵਿਦਿਆਰਥੀ ਮੋਰਚੇ ਦੇ ਮੈਂਬਰ।

ਪੰਜਾਬ ਸਟੂਡੈਂਟਸ ਯੂਨੀਅਨ, ਪੰਜਾਬ ਰੈਡੀਕਲ ਸਟੂਡੈਂਟ ਯੂਨੀਅਨ, ਆਲ ਇੰਡੀਆ ਸਟੂਡੈਂਟ ਫੈਡਰੇਸ਼ਨ ਅਤੇ ਸਟੂਡੈਂਟ ਫੈਡਰੇਸ

ਪੰਜਾਬ ਸਰਕਾਰ ਵੱਲੋਂ ਆਂਗਣਵਾੜੀ ਕੇਂਦਰਾਂ ਵਿੱਚ ਪੋਸ਼ਣ ਨੂੰ ਹੁਲਾਰਾ ਦੇਣ ਲਈ 'ਕਿਚਨ ਗ੍ਰੀਨਜ਼' ਪਹਿਲਕਦਮੀ ਦੀ ਸ਼ੁਰੂਆਤ: ਡਾ ਬਲਜੀਤ ਕੌਰ

ਚੰਡੀਗੜ੍ਹ, 15 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਮਹਿਲਾਵਾਂ ਅਤੇ ਬੱਚਿਆਂ ਦੀ ਭਲਾਈ ਲਈ ਵਚਨਬੱਧ ਹੈ ਅਤੇ ਇਸ ਦਿਸ਼ਾ ਵਿੱਚ ਲਗਾਤਾਰ ਕਦਮ ਉਠਾ ਰਹੀ ਹੈ। ਇਹ ਜਾਣਕਾਰੀ ਦਿੰਦਿਆਂ ਪੰਜਾਬ ਦੇ ਸਮਾਜਿਕ ਸੁਰੱਖਿਆ, ਇਸਤਰੀ ਅਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਹਾਲ ਹੀ ਵਿੱਚ ''ਕਿਚਨ ਗਰੀਨਜ਼÷ ਪਹਿਲਕਦਮੀ ਦੀ ਸ਼ੁਰੂਆਤ ਕੀਤੀ ਗਈ ਹੈ, ਜਿਸ ਦਾ ਉਦੇਸ਼ ਔਰਤਾਂ ਅਤੇ ਬੱਚਿਆਂ ਦੀ ਤੰਦਰੁਸਤ ਸਿਹਤ ਅਤੇ ਭਲਾਈ ਨੂੰ ਯਕੀਨੀ ਬਣਾਉਣਾ ਹੈ। ਇਸ ਨਵੀਂ ਪਹਿਲਕਦਮੀ ਤਹਿਤ ਸਾਰੇ ਆਂਗਣਵਾੜੀ ਕੇਂਦਰਾਂ ਵਿਖੇ ਔਸ਼ਧੀ ਅਤੇ ਪੌਸ਼ਟਿਕ ਗੁਣਾ ਵਾਲੇ ਪੌਦਿਆਂ ਲਗਾਏ ਜਾਣਗੇ ਜੋ ਇਨ੍ਹਾਂ ਕੇਂਦਰਾਂ ਨੂੰ ਪੌਸ਼ਟਿਕਤਾ ਦਾ ਕੇਂਦਰ ਬਣਾਉਣ ਵਿੱਚ ਅਹਿਮ ਭੂਮਿਕਾ ਨਿਭਾਉਣਗੇ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਕੈਬਨਿਟ ਮੰਤਰੀ ਡਾ. ਬਲਜੀਤ ਕੌਰ ਨੇ ਦੱਸਿਆ ਕਿ ਕਿਚਨ ਗ੍ਰੀਨ ਪੋਸ਼ਨ ਵਾਟਿਕਾ ਪਹਿਲਕਦਮੀ ਸੂਬੇ ਵਿੱਚ ਮਹਿਲਾਵਾਂ ਅਤੇ ਬੱਚਿਆਂ ਵਿੱਚ ਪੌਸ਼ਟਿਕ ਤੱਤਾਂ ਦੀ ਕਮੀ ਨੂੰ ਦੂਰ ਕਰਦਿਆਂ ਉਨ੍ਹਾਂ ਦੀ ਸਿਹਤ ਨੂੰ ਤੰਦਰੁਸਤ ਬਣਾਉਣ ਲਈ ਮਹੱਤਵਪੂਰਨ ਸਾਬਤ ਹੋਵੇਗੀ। ਉਨ੍ਹਾਂ ਕਿਹਾ ਕਿ ਔਸ਼ਧੀ ਗੁਣਾਂ ਨਾਲ ਭਰਪੂਰ ਇਨ੍ਹਾਂ ਜੜੀ-ਬੂਟੀਆਂ ਅਤੇ ਪੌਦਿਆਂ ਦੀ ਕਾਸ਼ਤ ਨੂੰ ਉਤਸ਼ਾਹਿਤ ਕਰਨ ਨਾਲ ਨਾ ਸਿਰਫ਼ ਕੁਪੋਸ਼ਣ ਦੀ ਸਮੱਸਿਆ ਹੱਲ ਹੋਵੇਗੀ ਸਗੋਂ ਇਹ ਲੋਕਾਂ ਨੂੰ ਸਿਹਤਮੰਦ ਜੀਵਨ ਜਿਊਣ ਲਈ ਵੀ ਪ੍ਰੇਰਿਤ ਕਰੇਗਾ।

ਡਾ. ਬਲਜੀਤ ਕੌਰ ਨੇ ਦੱਸਿਆ ਕਿ ÷ਕਿਚਨ ਗ੍ਰੀਨਜ਼÷ ਪਹਿਲਕਦਮੀ ਤਹਿਤ ਵੱਖ-ਵੱਖ ਪੌਸ਼ਟਿਕ ਤੱਤਾਂ ਅਤੇ ਔਸ਼ਧੀ ਗੁਣਾ ਨਾਲ ਭਰਪੂਰ ਜੜੀ-ਬੂਟੀਆਂ ਜਿਵੇਂ ਕਿ ਮੋਰਿਗਾ, ਐਲੋਵੇਰਾ, ਅਸ਼ਵਗੰਧਾ, ਮੇਥੀ, ਨਿੰਮ, ਲੈਮਨ ਗਰਾਸ, ਬ੍ਰਹਮੀ, ਹਲਦੀ, ਆਂਵਲਾ, ਤੁਲਸੀ ਅਤੇ ਪੁਦੀਨਾ ਉਗਾਉਣ 'ਤੇ

ਧਿਆਨ ਕੇਂਦਰਿਤ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਇਹਨਾਂ ਪੌਦਿਆਂ ਨੂੰ ਇਨ੍ਹਾਂ ਦੇ ਬੇਮਿਸਾਲ ਔਸ਼ਧੀ ਅਤੇ ਪੌਸ਼ਟੀ ਗੁਣਾਂ ਕਰਕੇ ਚੁਣਿਆ ਗਿਆ ਹੈ ਜੋ ਵੱਡੇ ਪੱਧਰ 'ਤੇ ਬੱਚਿਆਂ, ਮਹਿਲਾਵਾਂ ਅਤੇ ਹੋਰਨਾਂ ਲੋਕਾਂ ਦੀ ਸਿਹਤ ਅਤੇ ਤੰਦਰੁਸਤੀ ਨੂੰ ਯਕੀਨੀ ਬਣਾਉਣ ਲਈ ਲਾਹੇਵੰਦ ਸਿੱਧ ਹੋਣਗੇ। ਇਸ ਤੋਂ ਇਲਾਵਾ ਸਥਾਨਕ ਲੋਕਾਂ ਨੂੰ ਵੀ ਇਨ੍ਹਾਂ ਪੌਦਿਆਂ ਦੇ ਪੌਸ਼ਟਿਕ ਗੁਣਾਂ ਦਾ ਲਾਭ ਉਠਾਉਣ ਲਈ ਘਰ ਵਿੱਚ ਹੀ ਇਨ੍ਹਾਂ ਪੌਦਿਆਂ ਦੀ ਕਾਸ਼ਤ ਕਰਨ ਲਈ ਪ੍ਰੇਰਿਤ ਕੀਤਾ ਜਾਵੇਗਾ। ਕੈਬਨਿਟ ਮੰਤਰੀ ਨੇ ਅੱਗੇ ਕਿਹਾ ਕਿ ਇਸ ਪਹਿਲਕਦਮੀ ਨੂੰ ਪੰਜਾਬ ਦੇ ਸਾਰੇ ਆਂਗਣਵਾੜੀ ਕੇਂਦਰਾਂ ਵਿੱਚ ਵਿੱਚ ਲਾਗੂ ਕੀਤਾ ਜਾਵੇਗਾ ਤਾਂ ਜੋ ਹਰੇਕ ਭਾਈਚਾਰੇ ਨੂੰ ਇਸਦਾ ਲਾਭ ਮਿਲ ਸਕੇ। ਉਨ੍ਹਾਂ ਦੱਸਿਆ ਕਿ ਹਰੇਕ ਪੌਦੇ ਨੂੰ ਉਸਦੇ ਉੱਚ ਪੌਸ਼ਟਿਕ ਮੁੱਲ ਅਤੇ ਗੁਣਾਂ ਨੂੰ ਧਿਆਨ ਵਿੱਚ ਰੱਖ ਕੇ ਚੁਣਿਆ ਗਿਆ ਹੈ। ਉਦਾਹਰਨ ਲਈ ਮੋਰਿਗਾ (ਸੁਹਾਂਜਣ) ਦਾ ਬੂਟਾ ਵਿਟਾਮਿਨ, ਖਣਿਜ ਅਤੇ ਪ੍ਰੋਟੀਨ ਦਾ ਵੱਡਾ ਸਰੋਤ ਹੈ ਜੋ ਕੁਪੋਸ਼ਿਤ ਬੱਚਿਆਂ ਅਤੇ ਗਰਭਵਤੀ ਮਹਿਲਾਵਾਂ ਲਈ ਬੇਹੱਦ ਫਾਇਦੇਮੰਦ ਹੈ। ਮੇਥੀ ਅਤੇ ਆਂਵਲਾ ਵਰਗੇ ਹੋਰ ਪੌਦੇ ਕ੍ਰਮਵਾਰ ਆਇਰਨ ਅਤੇ ਵਿਟਾਮਿਨ ਸੀ ਵਰਗੇ ਲੋੜੀਂਦੇ ਪੌਸ਼ਟਿਕ ਤੱਤਾਂ ਨਾਲ ਭਰਪੂਰ ਹੁੰਦੇ ਹਨ।

ਉਨ੍ਹਾਂ ਦੱਸਿਆ ਕਿ ਇਹ ਪ੍ਰੋਗਰਾਮ ਟਿਕਾਊ ਖੇਤੀ ਅਭਿਆਸਾਂ, ਬੱਚਿਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਵਿੱਚ ਵਾਤਾਵਰਣ ਪ੍ਰਤੀ ਚੇਤਨਾ ਅਤੇ ਵਾਤਾਵਰਣ ਪੱਖੀ ਗਤੀਵਿਧੀਆਂ ਨੂੰ ਉਤਸ਼ਾਹਿਤ ਕਰੇਗਾ। ਉਨ੍ਹਾਂ ਕਿਹਾ ਕਿ ਇਨ੍ਹਾਂ ਬਗੀਚਿਆਂ (ਕਿਚਨ ਗਾਰਡਨਸ) ਨੂੰ ਲਾਉਣ ਅਤੇ ਇਸਦੇ ਰੱਖ-ਰਖਾਅ ਲਈ ਸਥਾਨਕ ਭਾਈਚਾਰਿਆਂ ਦੀ ਸਰਗਰਮ ਸ਼ਮੂਲੀਅਤ ਯਕੀਨੀ ਬਣਾਈ ਜਾਵੇਗੀ। ਉਨ੍ਹਾਂ ਕਿਹਾ ਕਿ ÷ਕਿਚਨ ਗ੍ਰੀਨਜ਼÷ ਪਹਿਲਕਦਮੀ ਮਹਿਲਾਵਾਂ ਅਤੇ ਬੱਚਿਆਂ ਨੂੰ ਇਨ੍ਹਾਂ ਪੌਦਿਆਂ ਦੇ ਸਿਹਤ ਪ੍ਰਤੀ ਲਾਭ ਅਤੇ ਰੋਜ਼ਾਨਾ ਖੁਰਾਕ ਵਿੱਚ ਇਨ੍ਹਾਂ ਨੂੰ ਕਿਵੇਂ ਸ਼ਾਮਲ ਕਰਨਾ ਹੈ, ਬਾਰੇ ਜਾਗਰੂਕ ਕਰਨ ਲਈ ਇੱਕ ਪਲੇਟਫਾਰਮ ਵਜੋਂ ਕੰਮ ਕਰੇਗੀ।

ਉਨ੍ਹਾਂ ਦੱਸਿਆ ਕਿ ਵਿਭਾਗ, ਇਸ ਪਹਿਲਕਦਮੀ ਨੂੰ ਸਫ਼ਲ ਬਣਾਉਣ ਲਈ ਵਚਨਬੱਧ ਹੈ ਅਤੇ ਇਸਦੇ ਉਦੇਸ਼ਾਂ ਦੀ ਪ੍ਰਾਪਤੀ ਲਈ ਸਾਰੇ ਭਾਈਵਾਲਾਂ ਨਾਲ ਮਿਲ ਕੇ ਕੰਮ ਕਰੇਗਾ। 'ਕਿਚਨ ਗ੍ਰੀਨਜ਼' ਪਹਿਲਕਦਮੀ ਪੋਸ਼ਣ ਅਭਿਆਨ ਦੇ ਵਿਆਪਕ ਉਦੇਸ਼ਾਂ ਨਾਲ ਮੇਲ ਖਾਂਦੀ ਹੈ, ਜੋ ਪੰਜਾਬ ਦੇ ਲੋਕਾਂ ਦੀ ਸਮੁੱਚੀ ਸਿਹਤ ਅਤੇ ਤੰਦਰੁਸਤੀ ਵਿੱਚ ਵਡਮੁੱਲਾ ਯੋਗਦਾਨ ਪਾ ਰਿਹਾ ਹੈ।

ਪੁੱਡਾ ਦੀ ਅਣਗਹਿਲੀ ਕਾਰਨ ਖੁਆਰ ਹੋ ਰਹੇ ਨੇ ਪਟਿਆਲਾ ਵਾਸੀ

ਪੁੱਡਾ ਅਧੀਨ ਆਉਂਦੇ ਅਰਬਨ ਅਸਟੇਟ ਫ਼ੇਜ਼-2 ਦੀ ਖਸਤਾ ਹਾਲ ਸੜਕ।

ਪਟਿਆਲਾ, 15 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਪਟਿਆਲਾ ਡਿਵੈਲਪਮੈਂਟ ਅਥਾਰਿਟੀ (ਪੀਡੀਏ) ਅਧੀਨ ਆਉਂਦੇ ਫ਼ੇਜ਼ ਇਕ ਅਤੇ ਦੋ ਵਿੱਚ ਸਹੂਲਤਾਂ ਨਾ ਹੋਣ ਕਰਕੇ ਲੋਕ ਪ੍ਰੇਸ਼ਾਨ ਹਨ। ਸਥਾਨਕ ਲੋਕਾਂ ਨੇ ਪੁੱਡਾ ਨੂੰ ਕਈ ਵਾਰ ਮਿਲ ਕੇ ਬੇਨਤੀ ਕੀਤੀ ਹੈ ਪਰ ਕਿਸੇ ਵੀ ਤਰ੍ਹਾਂ ਦੀ ਕੋਈ ਵੀ ਕਾਰਵਾਈ ਨਹੀਂ ਕੀਤੀ ਗਈ।

ਪ੍ਰਾਪਤ ਕੀਤੀ ਜਾਣਕਾਰੀ ਅਨੁਸਾਰ ਫ਼ੇਜ਼ ਇਕ ਅਤੇ ਦੋ ਦੀਆਂ ਸੜਕਾਂ ਦਾ ਬੁਰਾ ਹਾਲ ਹੈ ਜਿੱਥੇ ਵੱਡੇ-ਵੱਡੇ ਟੋਏ ਲੋਕਾਂ ਦਾ ਰੋਜ਼ਾਨਾ ਸਵਾਗਤ ਕਰਦੇ ਹਨ। ਇਸੇ ਤਰ੍ਹਾਂ ਰੋਡ ਕੱਟਸ ਦੀ ਮੁਰੰਮਤ ਨਹੀਂ ਹੋ ਰਹੀ ਜਿਸ ਕਰਕੇ ਹਾਦਸਿਆਂ ਦਾ ਡਰ ਹਮੇਸ਼ਾ ਬਣਿਆ ਹੋਇਆ ਹੈ।

ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀ ਸਾਬਕਾ ਪ੍ਰੋਫੈਸਰ ਡਾ. ਚਰਨਜੀਤ ਕੌਰ ਨੇ ਕਿਹਾ ਕਿ ਸਟਰੀਟ ਲਾਈਟ ਸਵੇਰੇ ਪੰਜ ਵਜੇ ਬੰਦ ਕਰਨ ਕਰਕੇ ਔਰਤਾਂ ਚ ਰੋਸ ਕਿਉਂਕਿ ਸਵੇਰੇ ਸਵੇਰੇ ਔਰਤਾਂ ਸੈਰ ਕਰਨ ਨਿਕਲਦੀਆਂ ਹਨ ਪਰ ਲਾਈਟਾਂ ਬੰਦ ਹੋਣ ਕਰਕੇ ਉਨ੍ਹਾਂ ਅੰਦਰ ਡਰ ਬਣਿਆ ਰਹਿੰਦਾ ਹੈ। ਇਸੇ ਤਰ੍ਹਾਂ ਅਮਰਜੀਤ ਸਿੰਘ ਵੜੈਚ ਅਨੁਸਾਰ ਪੁੱਡਾ ਦੇ ਸਾਹਮਣੇ ਮਾਰਕਿਟ 'ਚ ਫ਼ਰਸ਼ ਧਸ ਰਿਹਾ ਹੈ। ਸਾਬਕਾ ਆਈਏਐਸ ਮਨਜੀਤ ਸਿੰਘ ਨਾਰੰਗ ਨੇ ਕਿਹਾ ਕਿ ਇਸ ਵਾਰ ਹੋ ਰਹੀ ਬਾਰਸ਼ ਕਾਰਨ ਪਾਣੀ ਵਾਰ-ਵਾਰ ਘਰਾਂ ਵਿੱਚ ਵੜ ਰਿਹਾ ਹੈ, ਕਿਉਂਕਿ ਸੜਕਾਂ ਤੇ ਚੰਗੇ ਪ੍ਰਬੰਧ ਕਰਨੋਂ ਪੁੱਡਾ ਦੀ ਅਥਾਰਿਟੀ ਨਦਾਰਦ ਨਜ਼ਰ ਆਉਂਦੀ ਹੈ। ਪੁੱਡਾ ਦੇ ਇਨ੍ਹਾਂ ਫੇਜ਼ਾਂ ਵਿਚ ਲਾਵਾਰਸ ਪਸ਼ੂਆਂ ਤੇ ਅਵਾਰਾ ਕੁੱਤਿਆਂ ਦੀ ਭਰਮਾਰ ਹੈ, ਲੋਕਾਂ ਵਿਚ ਹਮੇਸ਼ਾ ਦੁਰਘਟਨਾਵਾਂ ਦਾ ਡਰ ਬਣਿਆ ਰਹਿੰਦਾ ਹੈ।

ਸੜਕਾਂ ?ਦੀ ਮੁਰੰਮਤ ਜਲਦੀ ਕਰਵਾਉਣ ਦਾ ਭਰੋਸਾ ਦਿੱਤਾ

ਪਟਿਆਲਾ ਵਿਕਾਸ ਅਥਾਰਿਟੀ ਦੀ ਮੁੱਖ ਪ੍ਰਸ਼ਾਸਕ ਮਨੀਸ਼ਾ ਰਾਣਾ ਨੇ ਦੱਸਿਆ ਕਿ ਅਰਬਨ ਅਸਟੇਟ ਦੀਆਂ ਸੜਕਾਂ ਦੇ ਡਿਵਾਈਡਰਾਂ ਦੀ ਸਾਫ਼-ਸਫ਼ਾਈ ਦਾ ਕੰਮ ਸ਼ੁਰੂ ਕਰਵਾਇਆ ਗਿਆ ਹੈ। ਅਰਬਨ ਅਸਟੇਟ ਦੀਆਂ ਸੜਕਾਂ 'ਤੇ ਘੁੰਮਦੇ ਲਾਵਾਰਸ ਪਸ਼ੂਆਂ ਨੂੰ ਫੜਨ ਲਈ ਹਾਲਾਂਕਿ ਪੀ ਪੁੱਡਾ ਕੋਲ ਕੋਈ ਵੀ ਸਾਧਨ ਨਹੀਂ ਹੈ ਪਰ ਫਿਰ ਵੀ ਇਨ੍ਹਾਂ ਪਸ਼ੂਆਂ ਨੂੰ ਫੜਨ ਲਈ ਨਗਰ ਨਿਗਮ ਪਟਿਆਲਾ ਨਾਲ ਰਾਬਤਾ ਕੀਤਾ ਗਿਆ ਹੈ। ਮਨੀਸ਼ਾ ਰਾਣਾ ਨੇ ਦੱਸਿਆ ਕਿ ਅਰਬਨ ਅਸਟੇਟ ਦੇ ਵਸਨੀਕਾਂ ਵੱਲੋਂ ਉਨ੍ਹਾਂ ਦੇ ਧਿਆਨ ਵਿੱਚ ਲਿਆਂਦਾ ਗਿਆ ਹੈ, ਕਿ ਕੁਝ ਥਾਵਾਂ 'ਤੇ ਜੰਗਲੀ ਘਾਹ ਉੱਗਿਆ ਹੋਇਆ ਸੀ, ਜਿਸ ਦੀ ਸਫ਼ਾਈ ਕਰਵਾਉਣ ਲਈ ਉਨ੍ਹਾਂ ਨੇ ਸਬੰਧਿਤ ਬਰਾਂਚ ਨੂੰ ਹਦਾਇਤ ਕੀਤੀ ਹੈ ਅਤੇ ਕੰਮ ਸ਼ੁਰੂ ਹੋ ਗਿਆ ਹੈ। ਸੜਕਾਂ ਦੀ ਮੁਰੰਮਤ ਜਲਦੀ ਕਰਵਾ ਕੇ ਹੋਰ ਮੁਸ਼ਕਲਾਂ ਜਲਦੀ ਹੱਲ ਕੀਤੀਆਂ ਜਾਣਗੀਆਂ।

ਪੁਲਿਸ ਵੱਲੋਂ ਕਾਰਵਾਈ ਨਾ ਕਰਨ 'ਤੇ ਡੀਐੱਸਪੀ ਦਫ਼ਤਰ ਅੱਗੇ ਧਰਨਾ

ਪੁਲਿਸ ਅਧਿਕਾਰੀ ਨੂੰ ਮੰਗ ਪੱਤਰ ਸੌਂਪਦੇ ਹੋਏ ਲੋਕ।

ਪਾਤੜਾਂ, 15 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਪਿੰਡ ਬਕਰਾਹਾ ਦੀ ਸਰਪੰਚ ਦੇ ਪਤੀ ਸੁਖਵਿੰਦਰ ਸਿੰਘ 'ਤੇ ਪਿੰਡ ਦੇ ਹੀ ਸਾਬਕਾ ਸਰਪੰਚ ਵੱਲੋਂ ਕੀਤੇ ਗਏ ਕਥਿਤ ਹਮਲੇ ਅਤੇ ਜਾਤੀ ਸੂਚਕ ਸ਼ਬਦ ਵਰਤੇ ਜਾਣ ਦੇ ਮਾਮਲੇ ਵਿੱਚ ਪੁਲੀਸ ਵੱਲੋਂ ਸ਼ਿਕਾਇਤ ਦੇ ਬਾਵਜੂਦ ਕਾਰਵਾਈ ਨਾ ਕੀਤੇ ਜਾਣ ਦੇ ਰੋਸ ਵਜੋਂ ਡੀਐੱਸਪੀ ਦਫ਼ਤਰ ਪਾਤੜਾਂ ਸਾਹਮਣੇ ਧਰਨਾ ਦਿੱਤਾ ਗਿਆ। ਲੋਕਾਂ ਨੇ ਪੁਲੀਸ ਖ਼ਿਲਾਫ਼ ਨਾਅਰੇਬਾਜ਼ੀ ਕੀਤੀ ਤੇ ਡੀਐੱਸਪੀ ਪਾਤੜਾਂ ਦੇ ਨਾਮ ਮੰਗ ਪੱਤਰ ਸਿਟੀ ਪੁਲੀਸ ਚੌਕੀ ਪਾਤੜਾਂ ਦੇ ਇੰਚਾਰਜ ਕਰਨੈਲ ਸਿੰਘ ਨੇ ਹਾਸਲ ਕਰਕੇ ਹਰ ਸੰਭਵ ਕਾਰਵਾਈ ਦਾ ਭਰੋਸਾ ਦਿੱਤਾ।

ਜਬਰ-ਜ਼ੁਲਮ ਵਿਰੋਧੀ ਫਰੰਟ ਦੇ ਪ੍ਰਧਾਨ ਰਾਜ ਸਿੰਘ ਟੋਡਰਵਾਲ, ਮਨਰੇਗਾ ਵਰਕਰ ਫਰੰਟ ਦੇ ਪ੍ਰਧਾਨ ਰੇਸ਼ਮ ਸਿੰਘ ਕਾਹਲੋਂ ਸਾਬਕਾ ਸਰਪੰਚ ਪਲਵਿੰਦਰ ਕੌਰ ਹਰਿਆਊ ਅਤੇ ਅਕਾਲੀ ਆਗੂ ਡਾ. ਬਹਾਦਰ ਸਿੰਘ ਘੱਗਾ ਨੇ ਕਿਹਾ ਕਿ ਕਰੀਬ ਡੇਢ ਮਹੀਨੇ ਦਾ ਸਮਾਂ ਹੋ ਗਿਆ ਹੈ ਪਿੰਡ ਬਕਰਾਹਾ ਦੇ ਅਨੁਸੂਚਿਤ ਜਾਤੀ ਭਾਈਚਾਰੇ ਨਾਲ ਸਬੰਧਿਤ ਸੁਖਵਿੰਦਰ ਸਿੰਘ ਦੀ ਪਿੰਡ ਦੇ ਇਕ ਸਾਬਕਾ ਸਰਪੰਚ ਨੇ ਘਰ ਆ ਕੇ ਨਾ ਸਿਰਫ ਕੁੱਟਮਾਰ ਕੀਤੀ ਸਗੋਂ ਜਾਤੀ ਸੂਚਕ ਸ਼ਬਦ ਵੀ ਬੋਲੇ। ਉਨ੍ਹਾਂ ਕਿਹਾ ਕਿ ਇਸ ਸਬੰਧੀ ਸ਼ਿਕਾਇਤ 'ਤੇ ਪੁਲੀਸ ਪ੍ਰਸ਼ਾਸਨ ਨੇ ਕੋਈ ਕਾਰਵਾਈ ਨਹੀਂ ਕੀਤੀ, ਸਗੋਂ ਪੀੜਤ ਸੁਖਵਿੰਦਰ ਸਿੰਘ ਨੂੰ ਪ੍ਰਸ਼ਾਸਨ ਦੀ ਸ਼ਹਿ 'ਤੇ ਡਰਾਇਆ ਧਮਕਾਇਆ ਜਾ ਰਿਹਾ ਹੈ। ਆਗੂਆਂ ਨੇ ਚਿਤਾਵਨੀ ਦਿੰਦਿਆਂ ਕਿਹਾ ਕਿ ਰਾਜਨੀਤਿਕ ਤੌਰ 'ਤੇ ਹੋ ਰਹੇ ਇਸ ਧੱਕੇ ਨੂੰ ਕਿਸੇ ਵੀ ਕੀਮਤ ਉੱਤੇ ਸਹਿਣ ਨਹੀਂ ਕੀਤਾ ਜਾਵੇਗਾ।

ਇਸ ਮੌਕੇ ਕਰਮਜੀਤ ਸਿੰਘ ਮਲਵੱਟੀ, ਮਨਰੇਗਾ ਵਰਕਰ ਆਗੂ ਅਜੈਬ ਸਿੰਘ ਬਠੋਈ, ਸਰਪੰਚ ਰਮੇਸ਼ ਕੁਮਾਰ ਨਾਈ ਵਾਲਾ, ਕਸ਼ਮੀਰ ਸਿੰਘ ਅਤਾਲਾਂ, ਅਜੈਬ ਸਿੰਘ ਹਰਿਆਊ, ਗਗਨਦੀਪ ਸਿੰਘ, ਜਤਿੰਦਰ ਬੁਜਰਕ, ਖੁਸ਼ੀ ਸ਼ੇਰਗੜ੍ਹ, ਮਨਪ੍ਰੀਤ ਹਮਝੇੜੀ, ਜੱਗੀ ਸਿੰਘ ਪ੍ਰਧਾਨ, ਨਾਰੰਗ ਸਿੰਘ, ਲਾਭ ਸਿੰਘ, ਬਲਵਿੰਦਰ ਸਿੰਘ, ਮਨਜੀਤ ਕੌਰ ਸਰਪੰਚ, ਸ਼ੇਰ ਸਿੰਘ, ਗੁਰਬਖਸ਼ ਸਿੰਘ ਬਿਠੋਈ ਅਤੇ ਭੀਮ ਸਿੰਘ ਬੂਹੀ ਹਾਜ਼ਰ ਸਨ।

ਜ਼ਿਲ੍ਹੇ 'ਚ ਟਰੈਫਿਕ ਨਿਯਮਾਂ ਦੀ ਉਲੰਘਣਾ ਬਰਦਾਸ਼ਤ ਨਹੀਂ ਕੀਤੀ ਜਾਵੇਗੀ : ਆਰ.ਟੀ.ਓ. ਆਰ.ਐਸ ਗਿੱਲ

ਮਾਨਸਾ, 15 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਰਿਜਨਲ ਟਰਾਂਸਪੋਰਟ ਅਫ਼ਸਰ (ਆਰ.ਟੀ.ਓ.) ਆਰ.ਐਸ. ਗਿੱਲ ਨੇ ਅੱਜ ਸਪੱਸ਼ਟ ਕੀਤਾ ਕਿ ਜ਼ਿਲ੍ਹੇ ਵਿੱਚ ਕਿਸੇ ਨੂੰ ਵੀ ਟਰੈਫਿਕ ਨਿਯਮਾਂ ਦੀ ਉਲੰਘਣਾ ਨਹੀਂ ਕਰਨ ਦਿੱਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਟਰਾਂਸਪੋਰਟ ਵਿਭਾਗ ਵੱਲੋਂ ਖਾਸ ਕਰਕੇ ਵੱਡੇ ਵਾਹਨਾਂ 'ਤੇ ਤਿੱਖੀ ਨਜ਼ਰ ਰੱਖੀ ਜਾ ਰਹੀ ਹੈ ਅਤੇ ਜੋ ਵਾਹਨ ਚਾਲਕ ਆਵਾਜਾਈ ਨਿਯਮਾਂ ਦੀ ਉਲੰਘਣਾ ਕਰਦੇ ਹਨ, ਉਨ੍ਹਾਂ ਖਿਲਾਫ਼ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾ ਰਹੀ ਹੈ।

ਇਸ ਲੜੀ ਵਿਚ ਵਿਭਾਗ ਦੇ ਧਿਆਨ ਵਿੱਚ ਆਇਆ ਕਿ ਕੁਝ ਵਿਦਿਆਰਥੀ ਬੱਸਾਂ ਦੇ ਪਿਛੇ ਲਟਕ ਕੇ ਸਫ਼ਰ ਕਰ ਰਹੇ ਹਨ, ਜਿਸ ਕਾਰਨ ਉਨ੍ਹਾਂ ਦੀ ਜਾਨ ਨੂੰ ਖ਼ਤਰਾ ਹੋ ਸਕਦਾ ਹੈ। ਇਸ ਨੂੰ ਗੰਭੀਰਤਾ ਨਾਲ ਲੈਂਦਿਆਂ ਅੱਜ ਵਿਭਾਗ ਨੇ ਇੱਕ ਬੱਸ (ਨੰਬਰ ਪੀ.ਬੀ 08 ਬੀ.ਕੇ-8501) 'ਤੇ ਮੋਟਰ ਮਾਹਨ ਐਕਟ ਤਹਿਤ ਕਾਰਵਾਈ ਕੀਤੀ ਅਤੇ ਚਲਾਨ ਜਾਰੀ ਕੀਤਾ ਗਿਆ। ਬੱਸ ਮਾਲਕ ਅਤੇ ਡਰਾਈਵਰ ਨੂੰ ਸਖ਼ਤ ਚੇਤਾਵਨੀ ਦਿੱਤੀ ਗਈ ਹੈ ਕਿ ਜੇਕਰ ਭਵਿੱਖ ਵਿੱਚ ਅਜਿਹੀ ਗਲਤੀ ਦੁਹਰਾਈ ਗਈ ਤਾਂ ਉਨ੍ਹਾਂ ਖ਼ਿਲਾਫ਼ ਹੋਰ ਸਖ਼ਤ ਕਾਰਵਾਈ ਕੀਤੀ ਜਾਵੇਗੀ।

ਆਰਟੀਓ ਆਰ.ਐਸ. ਗਿੱਲ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਟ੍ਰੈਫਿਕ ਨਿਯਮਾਂ ਦੀ ਪੂਰੀ ਤਰ੍ਹਾਂ ਪਾਲਣਾ ਕਰਨ, ਕਿਉਂਕਿ ਇਹ ਆਪਣੀ ਅਤੇ ਦੂਜਿਆਂ ਦੀ ਸੁਰੱਖਿਆ ਲਈ ਬਹੁਤ ਜ਼ਰੂਰੀ ਹੈ। ਉਨ੍ਹਾਂ ਇਹ ਵੀ ਕਿਹਾ ਕਿ ਸਕੂਲੀ ਬੱਚਿਆਂ ਲਈ ਖਾਸ ਕਰਕੇ ਟ੍ਰੈਫਿਕ ਨਿਯਮਾਂ ਦੀ ਪਾਲਣਾ ਕਰਨਾ ਬਹੁਤ ਜ਼ਰੂਰੀ ਹੈ ਅਤੇ ਮਾਪਿਆਂ ਨੂੰ ਵੀ ਇਸ 'ਤੇ ਧਿਆਨ ਦੇਣਾ ਚਾਹੀਦਾ ਕਿ ਉਨ੍ਹਾਂ ਦੇ ਬੱਚੇ ਸੁਰੱਖਿਅਤ ਢੰਗ ਨਾਲ ਸਕੂਲ ਜਾਂਦੇ ਹਨ ਅਤੇ ਵਾਪਸ ਆਉਂਦੇ ਹਨ।

ਆਰ.ਟੀ.ਓ ਨੇ ਕਿਹਾ ਕਿ ਵਿਭਾਗ ਦੀਆਂ ਟੀਮਾਂ ਲਗਾਤਾਰ ਸੜਕਾਂ 'ਤੇ ਨਜ਼ਰ ਰੱਖ ਰਹੀਆਂ ਹਨ ਅਤੇ ਕਿਸੇ ਵੀ ਤਰ੍ਹਾਂ ਦੀ ਉਲੰਘਣਾ ਨੂੰ ਰੋਕਣ ਲਈ ਤਿਆਰ ਹੈ। ਉਨ੍ਹਾਂ ਜਨਤਾ ਨੂੰ ਸਹਿਯੋਗ ਦੀ ਅਪੀਲ ਕੀਤੀ ਤਾਂ ਜੋ ਜ਼ਿਲ੍ਹੇ ਵਿੱਚ ਸੜਕ ਹਾਦਸਿਆਂ ਨੂੰ ਰੋਕਿਆ ਜਾ ਸਕੇ ਅਤੇ ਆਵਾਜਾਈ ਵਿਵਸਥਾ ਨੂੰ ਸੁਚਾਰੂ ਢੰਗ ਨਾਲ ਚਲਾਇਆ ਜਾ ਸਕੇ।

ਕੈਬਨਿਟ ਮੰਤਰੀ ਲਾਲ ਚੰਦ ਕਟਾਰੂਚੱਕ ਵੱਲੋਂ ਸੀ.ਪੀ.ਐਮ. ਦੇ ਆਗੂ ਸੀਤਾਰਾਮ ਯੇਚੁਰੀ ਦੇ ਦੇਹਾਂਤ 'ਤੇ ਦੁੱਖ ਪ੍ਰਗਟਾਵਾ

**ਚੰਡੀਗੜ੍ਹ,

ਸਦਾ ਚੜ੍ਹਦੀ ਕਲਾ ਵਿਚ ਰਹੋ

ਜੇ ਕੁਝ ਗੱਲਾਂ ਪਹਿਲਾਂ ਪਤਾ ਹੁੰਦੀਆਂ ਤਾਂ ਹਰ ਕਿਸੇ ਨੇ ਵੱਖਰੇ ਢੰਗ ਨਾਲ ਜਿਉਣਾ ਸੀ ਪਰ ਇਹ ਗੱਲਾਂ ਪਤਾ ਲਗਦਿਆਂ - ਲਗਦਿਆਂ ਉਮਰ ਮੁੱਕ ਜਾਂਦੀ ਹੈ ।

- ਜ਼ਿੰਦਗੀ ਵਿਚ ਇਨਸਾਫ਼ ਨਹੀਂ ਹੈ। ਕਿਸੇ ਨੂੰ ਵੀ ਸਭ ਕੁਝ ਨਹੀਂ ਮਿਲਦਾ। ਅਕਸਰ ਕੋਈ ਹੋਰਾਂ 'ਚ ਯੋਗਤਾ-ਸਮਰੱਥਾ ਨਹੀਂ ਵੇਖਦਾ, ਹਰ ਕੋਈ ਆਪਣਾ ਲਾਭ ਵੇਖਦਾ ਹੈ ਅਤੇ ਆਪਣਿਆਂ ਨੂੰ ਲਾਭ ਪਹੁੰਚਾਉਂਦਾ ਹੈ। ਜਿਨ੍ਹਾਂ ਦਾ ਮੁੱਲ ਪੈਣਾ ਚਾਹੀਦਾ ਹੈ , ਉਹ ਵੇਖਦੇ ਹੀ ਰਹਿ ਜਾਂਦੇ ਹਨ ਅਤੇ ਹੋਰ ਹੀ ਪਿੱਛੋਂ ਆ ਕੇ ਅੱਗੇ ਲੰਘ ਜਾਂਦੇ ਹਨ ।
- ਲੋਕ ਸਾਡੀਆਂ ਆਸਾਂ ਤੇ ਪੂਰੇ ਨਹੀਂ ਉੱਤਰਦੇ ਕਿਉਂਕਿ ਅਸੀਂ ਵੀ ਉਨ੍ਹਾਂ ਦੀਆਂ ਆਸਾਂ ਤੇ ਪੂਰੇ ਨਹੀਂ ਉਤਰਦੇ ।
- ਲੋਕ ਮਿਹਨਤ ਨਾਲ ਵਿਕਾਸ ਕਰਨਾ ਨਹੀਂ ਚਾਹੁੰਦੇ, ਬਦਲਣਾ ਨਹੀਂ ਚਾਹੁੰਦੇ, ਚਾਹੁੰਦੇ ਹਨ ਕਿ ਉਨ੍ਹਾਂ ਨੂੰ ਸਭ ਕੁਝ ਬਣਿਆ-ਬਣਾਇਆ ਮਿਲ ਜਾਵੇ ।
- ਜ਼ਿੰਦਗੀ ਵਿਚ ਭਾਂਤ-ਭਾਂਤ ਦੇ ਘਾਟੇ ਪੈਂਦੇ ਹਨ ਅਤੇ ਪੈਂਦੇ ਰਹਿੰਦੇ ਹਨ । ਜਿਹੜੇ ਫੈਸਲੇ ਬੜੀ ਸੋਚ-ਵਿਚਾਰ ਅਤੇ ਕਈਆਂ ਨਾਲ ਸਲਾਹ ਕਰਨ ਉਪਰੰਤ ਲਏ ਜਾਂਦੇ ਹਨ, ਅਕਸਰ ਉਹ ਹੀ ਗਲਤ ਸਿੱਧ ਹੁੰਦੇ ਹਨ।

- ਜਿਉਂ-ਜਿਉਂ ਉਮਰ ਵਧਦੀ ਹੈ, ਪਤਲੇ ਹੋਣਾ ਮੁਸ਼ਕਲ ਹੋਈ ਜਾਂਦਾ ਹੈ । ਵਿਆਹ ਮੌਜ-ਮੇਲਾ ਹੀ ਨਹੀਂ ਹੁੰਦਾ, ਇਹ ਜ਼ਿੰਦਗੀ ਭਰ ਸੁਹਿਦਰਤਾ ਅਤੇ ਕੁਰਬਾਨੀ ਨਾਲ ਨਿਭਾਈ ਜਾਣ ਵਾਲੀ ਜ਼ਿੰਮੇਵਾਰੀ ਵੀ ਹੁੰਦਾ ਹੈ।
- ਬੁਢਾਪੇ ਦੀ ਇਕੱਲਤਾ ਵਿਚ ਪਤੀ-ਪਤਨੀ ਦੋਹਾਂ ਲਈ, ਇਕ- ਦੂਜੇ ਦੀ ਹਾਜ਼ਰੀ ਬੜੀ ਜ਼ਰੂਰੀ ਹੁੰਦੀ ਹੈ । ਬੁਢਾਪੇ ਵਿਚ ਬਹੁਤੀਆਂ ਚੀਜ਼ਾਂ ਦੀ ਲੋੜ ਨਹੀਂ ਪੈਂਦੀ ਪਰ ਜਿਨ੍ਹਾਂ ਦੀ ਪੈਂਦੀ ਹੈ, ਉਨ੍ਹਾਂ ਦੀ ਬਹੁਤ ਪੈਂਦੀ ਹੈ।
- ਹੋਰਾਂ ਨੂੰ ਖੁਸ਼ ਕਰਨ ਦੇ ਯਤਨ ਸਫ਼ਲ ਨਹੀਂ ਹੁੰਦੇ ।
- ਜਿਹੜੇ ਸਾਨੂੰ ਪਸੰਦ ਨਹੀਂ ਕਰਦੇ, ਉਹ ਕਿਸੇ ਹਾਲਤ ਵਿਚ ਪਸੰਦ ਨਹੀਂ ਕਰਨਗੇ, ਜਿਹੜੇ ਕਰਦੇ ਹਨ, ਉਹ ਹਰ ਹਾਲ ਵਿਚ ਕਰਨਗੇ। ਆਪਣਾ ਧਿਆਨ ਆਪ ਹੀ ਰੱਖਣਾ ਪੈਂਦਾ ਹੈ । ਭਾਵਕ, ਸਰੀਰਕ, ਮਾਨਸਿਕ ਅਤੇ ਆਤਮਕ ਪੱਖੋਂ ਮਜ਼ਬੂਤ ਹੋਵੋ ਨਹੀਂ ਤਾਂ ਟੁੱਟ ਜਾਓਗੇ।
- ਕਹੋ ਜੋ ਮਰਜ਼ੀ, ਜੀਵਨ ਦੇ ਕੋਈ ਅਰਥ ਨਹੀਂ, ਸਾਰੀਆਂ ਜ਼ਰਬਾਂ- ਤਕਸੀਮਾਂ ਅਖੀਰ ਵਿਚ ਸਿਫਰ ਹੋ ਜਾਂਦੀਆਂ ਹਨ ।
- ਧੰਨਵਾਦੀ ਹੋਣਾ ਸਿੱਖਣਾ ਚਾਹੀਦਾ ਹੈ ।
- ਮੁਆਫ਼ੀ ਮੰਗਣ ਅਤੇ ਮਾਫ਼ ਕਰਨ ਨਾਲ ਸੁੱਖ ਮਿਲਦਾ ਹੈ। ਸਾਨੂੰ ਇਹੀ ਜਨਮ ਮਿਲਿਆ ਹੈ, ਜੋ ਕਰਨਾ ਹੈ, ਉਹ ਇਸੇ ਜਨਮ ਵਿਚ ਕਰੋ , ਹੋਰ ਕੋਈ ਜਨਮ ਨਹੀਂ ਮਿਲਣਾ।
- ਲਾਪਰਵਾਹੀ ਤਿਆਗੋ ਅਤੇ ਸੁਚੇਤ ਹੋ ਕੇ , ਜ਼ਿੰਮੇਵਾਰੀ ਨਾਲ ਜੀਵੋ। ਚੜ੍ਹਦੀ ਕਲਾ ਵਿਚ ਅਤੇ ਆਸਵੰਦ ਰਹਿਣ ਨਾਲ ਜ਼ਿੰਦਗੀ ਸੌਖੀ ਹو ਜਾਂਦੀ ਹੈ ।

• **ਨਰਿੰਦਰ ਸਿੰਘ ਕਪੂਰ**, 98158-80434

ਗੁਰੂ 'ਚ ਈਰਖਾ, ਹੰਕਾਰ, ਵੈਰ-ਵਿਰੋਧ ਜਿਹੇ ਔਗੁਣ ਨਹੀਂ ਹੁੰਦੇ। ਉਹ ਮਾਨਵਤਾ ਦਾ ਪਾਠ ਪੜ੍ਹਾਉਂਦੇ ਹੋਏ ਦੂਜਿਆਂ ਅੰਦਰ ਚੰਗਿਆਈ ਦੀ ਜੋਤ ਜਗਾਉਂਦੇ ਹਨ...

ਜ਼ਿੰਦਗੀ ਬਦਲ ਦਿੰਦਾ ਹੈ ਸੂਝਵਾਨ ਗੁਰੂ

ਹਰਪ੍ਰੀਤ ਕੌਰ ਘੁੰਨਸ

ਮਨੁੱਖ ਜ਼ਿੰਦਗੀ 'ਚ ਵਿਚਰਦਿਆਂ ਕਈ ਸ਼ਖ਼ਸੀਅਤਾਂ ਦੇ ਸਨਮੁਖ ਹੁੰਦਾ ਹੈ। ਅਜਿਹੀਆਂ ਸ਼ਖ਼ਸੀਅਤਾਂ ਜੋ ਉਸ ਨੂੰ ਜੀਵਨ ਜਾਚ ਸਿਖਾਉਂਦੀਆਂ ਹਨ। ਇਸ ਤਰ੍ਹਾਂ ਜ਼ਿੰਦਗੀ 'ਚ ਬਹੁਤ ਤਰ੍ਹਾਂ ਦੇ ਲੋਕਾਂ ਨਾਲ ਵਾਹ ਪੈਂਦਾ ਹੈ ਅਤੇ ਹਰ ਇਕ ਦਾ ਆਪਣਾ ਹੀ ਨਜ਼ਰੀਆ ਹੁੰਦਾ ਹੈ। ਅਸੀਮਿਤ ਦ੍ਰਿਸ਼ਟੀ ਬਰੀਕੀਆਂ ਚੋਂ ਵੀ ਵਿਸ਼ਾਲਤਾ ਲੱਭ ਲੈਂਦੀ ਹੈ ਤੇ ਸੀਮਿਤ ਦ੍ਰਿਸ਼ਟੀ ਨੂੰ ਸਭ ਸਾਹਮਣੇ ਹੁੰਦਿਆਂ ਹੋਇਆਂ ਵੀ ਕੁਝ ਨਜ਼ਰ ਨਹੀਂ ਆਉਂਦਾ। ਗਲਤ ਬੰਦੇ ਨੂੰ ਪਹਿਚਾਨਣ ਵਿਚ ਹੋਈ ਭੁੱਲ ਨਾਲੋਂ ਸਹੀ ਬੰਦੇ ਨੂੰ ਪਛਾਣ ਵਿਚ ਕੀਤੀ ਭੁੱਲ ਵਧੇਰੇ ਨੁਕਸਾਨਦਾਇਕ ਹੋ ਸਕਦੀ ਹੈ ਸਹੀ ਅਤੇ ਵਿਦਵਾਨ ਲੋਕ ਜ਼ਿੰਦਗੀ 'ਚ ਟਾਵੇਂ ਹੀ ਆਉਂਦੇ ਹਨਕਿਹਾ ਜਾਂਦਾ ਹੈ ਕਿ ਕਿਤਾਬ ਖ਼ਾਮੋਸ਼ ਗੁਰੂ ਹੁੰਦੀ ਹੈ ਜੋ ਗਿਆਨ ਦੇ ਦੀਵੇ ਦੁਬਾਰਾ ਅਗਿਆਨਤਾ ਦਾ ਹਨੇਰਾ ਦੂਰ ਕਰਦੀ ਹੈ। ਕਿਸੇ ਸੂਝਵਾਨ ਇਨਸਾਨ ਅਨੁਸਾਰ ਗੁਰੂ ਤਾਂ ਗੁਰੂ ਹੁੰਦਾ ਹੈ। ਇਹ ਗੱਲ ਸੱਚ ਵੀ ਹੈ ਗੁਰੂ ਦਾ ਸਥਾਨ ਸਭ ਤੋਂ ਉੱਚਾ ਹੁੰਦਾ ਹੈ ਕੋਈ ਹੋਰ ਗੁਰੂ ਦਾ ਸਥਾਨ ਨਹੀਂ ਲੈ ਸਕਦਾ। ਚੰਗੇ ਲੋਕਾਂ ਦੀ ਸੰਗਤ ਹਮੇਸ਼ਾ ਚੰਗਾ ਹੀ ਸਿਖਾਉਂਦੀ ਹੈ। ਇਤਿਹਾਸ ਦੇ ਪੰਨੇ ਫਰੋਲੀਏ ਤਾਂ ਅਜਿਹੀਆਂ ਅਨੇਕਾਂ ਉਦਾਹਰਨਾਂ ਮਿਲ ਜਾਣਗੀਆਂ ਜੋ ਗੁਰੂ ਦੇ ਤਪਸਵੀ ਅਤੇ ਮਾਰਗ ਦਰਸ਼ਕ ਹੋਣ ਬਾਰੇ ਦਸਦੀਆਂ ਹਨ। ਉਸ ਸਮੇਂ ਦੇ ਚੇਲੇ ਵੀ ਗੁਰੂ ਦੀ ਸੇਵਾ ਲਈ ਹਮੇਸ਼ਾ ਤੱਤਪਰ ਰਹਿੰਦੇ ਸਨ ਗੁਰੂਆਂ ਵਿਚ ਈਰਖਾ, ਹੰਕਾਰ, ਵੈਰ, ਵਿਰੋਧ ਜਿਹੇ ਔਗੁਣ ਨਹੀਂ ਹੁੰਦੇ। ਉਨ੍ਹਾਂ ਨੇ ਮਨ 'ਤੇ ਜਿੱਤ ਪ੍ਰਾਪਤ ਕੀਤੀ ਹੁੰਦੀ ਸੀ। ਇਸੇ ਤਰ੍ਹਾਂ ਹੀ ਉਹ ਮਾਨਵਤਾ ਦਾ ਪਾਠ ਪੜ੍ਹਾਉਂਦੇ ਹੋਏ ਦੂਜਿਆਂ ਅੰਦਰ ਚੰਗਿਆਈ ਦੀ ਜੋਤ ਜਗਾਉਣ ਦਾ ਕੰਮ ਕਰਦੇ ਹਨ।

ਅਜੋਕੇ ਸਮੇਂ ਵਿਚ ਵੀ ਕੁਝ ਵਿਦਵਾਨ ਅਜਿਹੇ ਹਨ ਜਿਨ੍ਹਾਂ ਨੇ ਆਪਣੇ ਅੰਦਰਲੇ ਚਾਨਣ ਨੂੰ ਜਾਣ ਲਿਆ ਹੈ। ਉਹ ਹਮੇਸ਼ਾ ਸਭ ਨਾਲ ਨਿਮਰਤਾ ਨਾਲ ਪੇਸ਼ ਆਉਂਦੇ ਹਨ, ਜਿਨ੍ਹਾਂ ਨੂੰ ਕਦੇ ਗੁੱਸੇ ਹੁੰਦੇ ਨਹੀਂ ਦੇਖਿਆ ਜਾਂਦਾ, ਉਹ ਹਮੇਸ਼ਾ ਮੁਸਕਰਾਉਂਦੇ ਹਨ। ਅਜਿਹੇ ਲੋਕਾਂ ਦੀਆਂ ਰਿਸ਼ਮਾਂ ਜਦੋਂ ਦੂਸਰਿਆਂ 'ਤੇ ਪੈਂਦੀਆਂ ਹਨ ਤਾਂ ਲੋਕ ਪ੍ਰਭਾਵਿਤ ਜ਼ਰੂਰ ਹੁੰਦੇ ਹਨ। ਇਹ ਅਜਿਹਾ ਪ੍ਰਭਾਵ ਪਾਉਂਦੇ ਹਨ ਜੋ ਉਨ੍ਹਾਂ ਦੀ ਜ਼ਿੰਦਗੀ ਬਦਲ ਦਿੰਦਾ ਹੈ। ਜਿਸ ਨਾਲ ਵਿਅਕਤੀ ਨੂੰ ਜ਼ਿੰਦਗੀ ਖੂਬਸੂਰਤ ਤੇ ਇਸ 'ਚ ਆਉਣ ਵਾਲੀਆਂ ਔਕੜਾਂ ਛੋਟੀਆਂ ਲੱਗਣ ਲੱਗ ਜਾਂਦੀਆਂ ਹਨ। ਸਿੱਖਣ ਦੇ ਚਾਹਵਾਨ ਲਈ ਸਭ ਦਰਵਾਜੇ ਖੁੱਲ੍ਹ ਜਾਂਦੇ ਹਨ ਅਤੇ ਨਾ ਸਿੱਖਣ ਵਾਲੇ ਨੂੰ ਚਾਰੇ ਪਾਸੇ ਹਨੇਰਾ ਹੀ ਨਜ਼ਰ ਆਉਂਦਾ ਹੈ।

ਬਦਲਦੇ ਜ਼ਮਾਨੇ ਵਿਚ ਸਿੱਖਣ-ਸਿਖਾਉਣ ਵਾਲੇ ਭਾਵੇਂ ਦੋਨੋਂ ਹੀ ਪੁਰਾਣੇ ਸਮਿਆਂ ਜਿਹੇ ਨਹੀਂ ਰਹੇ। ਪਰ ਅਜਿਹੇ ਲੋਕ ਵੀ ਹਨ ਜੋ ਆਪਣੇ ਗਿਆਨ ਦੀ ਜੋਤ ਨਾਲ ਚਾਰ ਪਾਸੇ ਰੌਸ਼ਨੀ ਹੀ ਰੌਸ਼ਨੀ ਕਰ ਦਿੰਦੇ ਹਨ। ਅਜਿਹੀ ਰੌਸ਼ਨੀ ਜੋ ਮਨੁੱਖ ਨੂੰ ਮਸ਼ੀਨੀ ਅਤੇ ਸੀਮਿਤ ਸੋਚ ਤੋਂ ਨਿਜ਼ਾਤ ਦਿਵਾ ਕੇ ਰੂਹਾਨੀ ਅਨੰਦ ਪ੍ਰਦਾਨ ਕਰਦੀ ਹੈ। ਇਸ ਤਰ੍ਹਾਂ ਮਨੁੱਖ ਅੱਜ ਦੀ ਮਸ਼ੀਨੀ ਜ਼ਿੰਦਗੀ ਦੇ ਦੌਰ 'ਚ ਖਾਲੀਪਨ ਦੀ ਬਜਾਇ ਖ਼ੁਦ ਨੂੰ ਭਰਿਆ ਹੋਇਆ ਅਤੇ ਸੰਤੁਸਟ ਮਹਿਸੂਸ ਕਰਦਾ ਹੈ। ਇਹ ਮਨੁੱਖੀ ਦਿਲ 'ਚ ਪਿਆਰ ਅਤੇ ਆਪਣੇਪਣ ਦਾ ਪਾਣੀ ਪਾਉਂਦੇ ਹਨ। ਜਿਸ ਨਾਲ ਦਿਲ ਦੇ ਬੂਟੇ ਤੇ ਹਾਸੇ ਖ਼ੁਸ਼ੀਆਂ ਪਿਆਰ ਦੇ ਫੁੱਲ ਲੱਗਦੇ ਹਨ। ਫਿਰ ਇਹ ਔੜਾਂ 'ਚ ਵੀ ਮਹਿਕਾਂ ਵੰਡਣੀਆਂ ਸਿੱਖ ਲੈਂਦੇ ਹਨ।

ਮੋਬਾਈਲ : 9779520194

ਨਿੱਕੀ ਜਿਹੀ ਸੂਈ ਵੱਟਵਾਂ ਧਾਗਾ...

ਔਰਤ ਇਕਹਿਰੀ ਜ਼ਿੰਦਗੀ ਦੇ ਅਨੁਭਵਾਂ 'ਚੋਂ ਗੁਜ਼ਰਦੀ, ਅਨੇਕਾਂ ਭੂਮਿਕਾਵਾਂ ਨਿਭਾਉਂਦੀ, ਮਾਨਸਿਕ ਤੌਰ 'ਤੇ ਕਈ ਭਾਵਨਾਵਾਂ ਨੂੰ ਜਨਮ ਦਿੰਦੀ ਹੈ। ਸਮਾਜਿਕ ਤੌਰ ਤੇ ਪ੍ਰਮਾਣਿਤ ਅੱਧ ਪੱਚਦੀਆਂ ਭਾਵਨਾਵਾਂ ਜ਼ਾਹਿਰ ਹੋ ਜਾਂਦੀਆਂ ਹਨ ਪਰ ਇਕ ਵਿਸ਼ਾਲ ਹਿੱਸਾ ਮਹਾਂਸਾਗਰ ਦੇ ਤਲ 'ਚ ਦੱਬੇ ਮੋਤੀਆਂ ਵਾਂਗ ਅਪਹੁੰਚ ਰਹਿੰਦਾ ਹੈ। ਅਧੁਨਿਕ ਯੁੱਗ ਨੇ ਔਰਤ ਦੇ ਵਿਚਾਰ ਪ੍ਰਵਾਹ ਨੂੰ ਆਪਹੁੰਦਰਾਪਨ ਦੇ ਕੇ ਕੁਝ ਹੱਦ ਤਕ ਖੁੱਲ੍ਹ ਪ੍ਰਦਾਨ ਕਰ ਦਿੱਤੀ ਹੈ ਪਰ ਪੁਰਾਤਨ ਸਮੇਂ ਮੂੰਹੋਂ ਬੋਲਣਾ ਤਾਂ ਇਕ ਪਾਸੇ ਸਿਰ ਹਿਲਾਉਣਾ ਵੀ ਮਨਜ਼ੂਰ ਨਹੀਂ ਸੀ। ਇਸ ਬਾਵਜੂਦ ਮਨੋਵਿਗਿਆਨਕ ਤੌਰ 'ਤੇ ਮਨੋਭਾਵ ਅੰਦਰ ਡੱਕੇ ਨਹੀਂ ਜਾ ਸਕਦੇ। ਇਹ ਕਿਸੇ ਨਾ ਕਿਸੇ ਮਾਧਿਅਮ ਨਾਲ ਬਾਹਰ ਜ਼ਰੂਰ ਨਿਕਲ ਦੇ ਸਨ, ਜਿਸ ਨਾਲ ਮਾਨਸਿਕ ਸੰਤੁਲਨ ਬਣਿਆਂ ਰਹਿੰਦਾ ਸੀ। ਉਸ ਸਮੇਂ ਇਨ੍ਹਾਂ ਮਨ ਦੀਆਂ ਤਹਿਆਂ 'ਚ ਦੱਬੇ ਮਨੋਭਾਵਾਂ ਦੀ ਵਿਆਖਿਆ ਕਰ ਕੇ ਲੋਕ ਗੀਤਾਂ ਨੇ ਸੋਹਣਾ ਸਹਾਰਾ ਦਿੱਤਾ। ਵੱਖ-ਵੱਖ ਮੌਕਿਆਂ 'ਤੇ ਰਚੇ, ਪੇਕੇ ਤੇ ਸਹੁਰੇ ਘਰ ਨਾਲ ਸਬੰਧਿਤ ਲੋਕ ਗੀਤ ਔਰਤ ਦੇ ਸੂਖ਼ਮ ਮਨੋਭਾਵਾਂ ਦੀ ਸਥੂਲ ਵਿਆਖਿਆ ਦੀ ਤਰ੍ਹਾਂ ਹੀ ਹਨ। ਪੇਕੇ ਘਰ ਧੀ ਦੀ ਸਭ ਤੋਂ ਵੱਧ ਪੈਰਵੀ ਸੁਹਾਗ ਕਰਦੇ ਹਨ। ਸੁਹਾਗ ਵਿਆਹ ਦੇ ਮੌਕੇ ਗਾਇਆ ਜਾਣ ਵਾਲਾ ਔਰਤਾਂ ਦਾ ਗੀਤ ਹੈ ਜਿਸ 'ਚ ਵਿਆਹ ਤੋਂ ਪਹਿਲਾਂ ਮਨ ਦੇ ਵਲਵਲਿਆਂ ਨੇ ਸ਼ਾਬਦਿਕ ਰੂਪ ਲੈ ਕੇ ਵੱਖ-ਵੱਖ ਵਿਸ਼ੇ ਛੋਹੇ ਹਨ। ਜਿਵੇਂ ਮੁਟਿਆਰ ਵਰ ਦੇ ਰੂਪ 'ਚ ਸੁੰਦਰ ਪਤੀ ਦੀ ਕਾਮਨਾ ਕਰਦੀ ਹੈ :

ਬੇਟੀ, ਚੰਨਣ ਦੇ ਓਹਲੇ-ਓਹਲੇ ਕਿਉਂ ਖੜੀ?
ਮੈਂ ਤਾਂ ਖੜ੍ਹੀ ਸਾਂ ਬਾਬਲ ਜੀ ਦੇ ਬਾਰ
ਬਾਬਲ ਵਰ ਲੋੜੀਏ..
ਬੇਟੀ, ਕਿਹੋ ਜਿਹਾ ਵਰ ਲੋੜੀਏ?
ਬਾਬਲ, ਜਿਉਂ ਤਾਰਿਆਂ ਵਿੱਚੋਂ ਚੰਨ
ਚੰਨਾਂ ਵਿੱਚੋਂ ਕਾਨ੍ਹ, ਕਨ੍ਹੈਈਆ ਵਰ ਲੋੜੀਏ..

ਇਸ ਸੁਹਾਗ 'ਚ ਬੇਟੀ ਬਾਪ ਦੇ ਵਾਰਤਾਲਾਪ ਦੁਆਰਾ ਬੇਟੀ ਬਾਬਲ ਅੱਗੇ ਮਨ ਦੀਆਂ ਪਰਤਾਂ ਖੋਲ੍ਹ ਕੇ ਰੱਖਦੀ ਹੈ ਕਿ ਉਹ ਕਿਹੋ-ਜਿਹਾ ਵਰ ਲੋਚਦੀ ਹੈ, ਜੋ ਮੂੰਹੋ ਬੋਲ ਕੇ ਕਦੇ ਵੀ ਨਹੀਂ ਕਹਿ ਸਕਦੀ। ਉਸ ਦੇ ਹਿੱਸੇ ਦੀ ਗੱਲ ਲੋਕ ਗੀਤਾਂ ਨੇ ਕਹਿ ਦਿੱਤੀ। ਬੇਟੀ ਬਾਬਲ ਰਾਜੇ ਕੋਲੋਂ ਵਰ ਹੀ ਸੋਹਣਾ ਨਹੀਂ ਲੋਚਦੀ ਸਗੋਂ ਚਾਹੁੰਦੀ ਹੈ ਕਿ ਸਹੁਰੇ ਪਰਿਵਾਰ ਦੀ ਪਿੰਡ 'ਚ ਸਰਦਾਰੀ ਹੋਵੇ ਤੇ ਘਰ-ਬਾਰ ਤਕੜਾ ਵੀ ਹੋਵੇ :

ਦੇਈਂ, ਦੇਈਂ ਵੇ ਬਾਬਲਾ ਓਸ ਘਰੇ
ਜਿੱਥੇ ਬੂਰੀਆਂ ਝੋਟੀਆਂ ਸੱਠ..
ਇਕ ਰਿੜਕਾਂ ਇਕ ਜਮਾਇਸਾਂ
ਵੇ ਮੇਰਾ ਚਾਟੀਆਂ ਦੇ ਵਿਚ ਹੱਥ
ਬਾਬਲ ਤੇਰਾ ਪੁੰਨ ਹੋਵੇ..

ਜਿੱਥੇ ਇਕ ਪਾਸੇ ਵਿਆਹ ਪ੍ਰਤੀ ਚਾਅ ਹੁੰਦਾ ਹੈ ਉੱਥੇ ਦੂਸਰੇ ਪਾਸੇ ਲਾੜਾ ਚਾਵਾਂ ਨਾਲ ਪਲੀ ਧੀ ਨੂੰ ਵਿਛੜਨ ਦਾ ਦੁੱਖ ਵੀ। ਜ਼ਿੰਦਗੀ ਦਾ ਇਕ ਸੁਨਹਿਰੀ ਹਿੱਸਾ ਬਚਪਨ ਤੋਂ ਜਵਾਨੀ ਤਕ ਬਾਬਲ ਦੇ ਵਿਹੜੇ ਗੁਜ਼ਾਰਨ ਤੋਂ ਬਾਅਦ ਵੱਖ ਹੋਣ ਦੀ ਚੀਸ ਦਾ ਉੱਠਣਾ ਸੁਭਾਵਿਕ ਹੈ। ਜਿਸ ਨੂੰ ਲੋਕ ਗੀਤ ਰਚੇਤਿਆਂ ਨੇ ਸ਼ਬਦ ਚਿੱਤਰਾਂ ਦੇ ਰੂਪ 'ਚ ਖ਼ੂਬਸੂਰਤੀ ਨਾਲ ਚਿਤਰਿਆ ਹੈ। ਜੋ ਮੌਕਾਮੇਲ ਦੇ ਹਿਸਾਬ ਨਾਲ ਬਿਲਕੁਲ ਢੁਕਵੇਂ ਹਨ :

ਨਿੱਕੀ ਜਿਹੀ ਸੂਈ ਵੱਟਵਾਂ ਧਾਗਾ
ਬੈਠ ਕਸੀਦਾ ਕੱਢ ਰਹੀ ਆਂ
ਆਉਂਦੇ-ਜਾਂਦੇ ਰਾਹੀ ਪੁੱਛਦੇ
ਤੂੰ ਕਿਉਂ ਬੀਬੀ ਰੋ ਰਹੀ ਆਂ
ਬਾਬਲ ਮੇਰੇ ਕਾਜ ਰਚਾਇਆ
ਮੈਂ ਪਰਦੇਸਣ ਹੋ ਰਹੀ ਆਂ..

ਲੜਕੀ ਦੀ ਵਿਦਾਈ ਸਮੇਂ 'ਅੱਜ ਦੀ ਦਿਹਾੜੀ ਰੱਖ ਡੋਲੀ ਨੀ ਮਾਂ' ਲੋਕ ਗੀਤ ਦੀ ਧੁੰਨ ਵੱਜਦੀ ਹੈ ਤਾਂ ਲਗਪਗ ਸਾਰੀਆਂ ਔਰਤਾਂ ਦੀਆਂ ਭਾਵਨਾਵਾਂ ਅੱਖਾਂ 'ਚੋਂ ਝਲਕਦੀਆਂ ਹਨ...

ਅਵੇਸਲੇ ਹੋਏ ਬਾਬੁਲ ਨੂੰ ਇਸ ਗੀਤ ਰਾਹੀਂ ਝੰਜੋੜ ਕੇ ਜਗਾਉਣ ਦੀ ਕੋਸ਼ਿਸ਼ ਕੀਤੀ ਗਈ ਹੈ। ਜੋ ਕਿ ਇਹ ਭੁੱਲ ਗਿਆ ਹੈ ਕਿ ਉਸ ਦੀ ਧੀ ਜਵਾਨ ਹੋ ਚੁੱਕੀ ਹੈ ਤੇ ਹੁਣ ਲੰਮੀਆਂ ਤਾਣ ਕੇ ਸੌਣ ਦਾ ਨਹੀਂ ਸਗੋਂ ਬੇਟੀ ਲਈ ਵਰ ਲੱਭਣ ਦਾ ਸਮਾਂ ਹੈ। ਕਿਉਂਕਿ ਸ਼ਰੀਕਾਂ ਦੇ ਤਾਹਨੇ-ਮਿਹਣੇ ਕਿਸੇ ਹਥਿਆਰ ਤੋਂ ਜ਼ਿਆਦਾ ਡੂੰਘੇਰੇ ਜ਼ਖ਼ਮ ਦਿੰਦੇ ਹਨ ਤੇ ਜਿਨ੍ਹਾਂ ਦੀ ਚੀਸ ਅਸਹਿ ਤੇ ਅਕਹਿ ਹੁੰਦੀ ਹੈ :

ਚੜ੍ਹ ਚੁਬਾਰੇ ਸੁੱਤਿਆ ਬਾਬਲ, ਆਈ ਬਨੇਰੇ ਦੀ ਛਾਂ..
ਤੂੰ ਸੁੱਤਾ ਲੋਕੀਂ ਜਾਗਦੇ, ਘਰ ਬੇਟੜੀ ਹੋਈ ਮੁਟਿਆਰ...

ਵਿਆਹੀ ਜਾਣ ਮਗਰੋਂ ਸਹੁਰੇ ਘਰ ਲੜਕੀ ਇਕ ਪਤਨੀ ਇਕ ਨੂੰਹ ਦੀ ਭੂਮਿਕਾ ਨਿਭਾਉਂਦੀ ਹੈ ਅਜਿਹੀ ਮਾਨਸਿਕ ਹਾਲਤ ਨੂੰ ਵੀ ਲੋਕ ਗੀਤਾਂ ਨੇ ਆਪਣੇ ਕਲਾਵੇ ਅੰਦਰ ਲਿਆ ਹੈ ਜਿਵੇਂ ਟੱਪੇ, ਬੋਲੀਆਂ ਆਦਿ 'ਚ ਸਹੁਰੇ, ਸੱਸ, ਪਤੀ, ਨਨਾਣ, ਜੇਠ, ਦਿਓਰ ਦਾ ਜ਼ਿਕਰ ਤਾਂ ਹੈ ਹੀ, ਇਸ ਦੇ ਨਾਲ-ਨਾਲ ਆਪਣੇ ਪੇਕੇ ਘਰ ਦਾ ਮੋਹ ਵੀ ਦਿਖਾਇਆ ਗਿਆ ਹੈ। ਸੱਸ ਬਾਰੇ ਜ਼ਿਆਦਾਤਰ ਸਾਰੀਆਂ ਨੂੰ ਹਾਂ ਦੇ ਮਨ 'ਚ ਰਲ਼ਦੇ-ਮਿਲਦੇ ਵਿਚਾਰ ਹੀ ਹੁੰਦੇ ਹਨ। ਜਿੱਥੇ ਚਾਰ ਭਾਂਡੇ ਹੋਣਗੇ ਖੜਕਣਾ ਤਾਂ ਲਾਜ਼ਮੀ ਹੈ ਸੱਸ ਨੂੰਹ ਦੀ ਮਿੱਠੜੀ-ਮਿੱਠੜੀ ਗੱਲਬਾਤ ਹੌਲੀ-ਹੌਲੀ ਤੂੰ-ਤੂੰ, ਮੈਂ-ਮੈਂ ਦਾ ਰੂਪ ਲੈਂਦੀ ਹੈ ਤੇ ਨਿਸ਼ਾਨਾ ਪੇਕਾ ਪਰਿਵਾਰ ਹੀ ਹੁੰਦਾ ਹੈ। ਕਈ ਨੂੰਹਾਂ ਤਾਂ ਬਰਾਬਰ ਮੁਕਾਬਲੇ ਵਾਲੀਆਂ ਹੁੰਦੀਆਂ, ਫਿਰ ਸੱਸ ਨੂੰਹ ਦਾ ਮੁਕਾਵਲਾ ਆਹਮੋ-ਸਾਹਮਣੇ ਵਾਲੀ ਬੋਲੀ ਅਮਲੀ ਰੂਪ ਲੈ ਲੈਂਦੀ ਹੈ ਤੇ ਕੁਝ ਨੂੰਹਾਂ ਮੌਕਾ ਸਾਂਭ ਲੈਂਦੀਆਂ ਹਨ, ਹਉਂ ਪਰੇ ਕਹਿ ਕੇ ਸਹਿਣ ਕਰਨ ਦਾ ਸੁਭਾਅ ਰੱਖਦੀਆਂ ਹਨ ਪਰ ਗੁੱਸੇ ਦਾ ਭਾਵ ਬਰਾਬਰ ਹੀ ਪੈਦਾ ਹੁੰਦਾ ਹੈ। ਮਨ ਦੇ ਵਲਵਲੇ ਜੋ ਔਰਤਾਂ ਸਿੱਧੇ ਤੌਰ 'ਤੇ ਨਹੀਂ ਕਹਿ ਸਕਦੀਆਂ ਲੋਕ ਗੀਤਾਂ ਰਾਹੀਂ ਬਾਖੂਬੀ ਭੜਾਸ ਕੱਢੀਆਂ ਹਨ। ਗੁੱਸੇ ਦਾ ਭਾਵ ਪੇਸ਼ ਕਰਦੀ ਇਕ ਬੋਲੀ ਹੈ :

ਸੁਣ ਨੀ ਸੱਸੇ ਬਾਰਾਂ ਤਾਲੀਏ
ਮੈਂ ਤੈਨੂੰ ਸਮਝਾਵਾਂ
ਜਿਹੜੀ ਤੇਰੀ ਸੇਰ ਪੰਜੀਰੀ
ਵਿਹੜੇ ਵਿਚ ਖਿੰਡਾਵਾਂ
ਜਿਹੜੇ ਤੇਰੇ ਚਾਰ ਕੁ ਲੀੜੇ
ਸਣੇ ਸੰਦੂਕ ਅੱਗ ਲਾਵਾਂ
ਗਾਲ਼ ਭਰਾਵਾਂ ਦੀ
ਮੈਂ ਨਾ ਮੁੜ ਮੁੜ ਖਾਵਾਂ..

ਕਈ ਲੋਕ ਗੀਤ ਐਸੇ ਹਨ ਜਿਨ੍ਹਾਂ ਵਿਚ ਸਹੁਰ

ਸ੍ਰੀ ਗੁਰੂ ਨਾਨਕ ਦੇਵ ਜੀ - ਜੀਵਨ ਅਤੇ ਚਿੰਤਨ

- ਡਾ. ਹਰਜਿੰਦਰ ਸਿੰਘ ਦਿਲਗੀਰ

ਗੁਰੂ ਨਾਨਕ ਦੇਵ ਜੀ ਸਿੱਖ ਧਰਮ ਦੇ ਬਾਨੀ ਸਨ। ਉਹ ਰੂਹਾਨੀ ਦੁਨੀਆਂ ਦੇ ਨਵੇਂ ਯੁੱਗ ਦੇ ਮੋਢੀ ਸਨ। ਉਹ ਰੂਹਾਨੀ ਜਹਾਨ ਦੇ ਲਾਸਾਨੀ ਫਿਲਾਸਫਰ ਵੀ ਸਨ।

ਗੁਰੂ ਨਾਨਕ ਸਾਹਿਬ ਅਜੀਮ ਸ਼ਖ਼ਸੀਅਤ ਸਨ। ਉਹ ਇਕ 'ਰੂਹਾਨੀ ਚੁੰਬਕ' ਲੋਹੇ ਦੇ ਹਰ ਇਕ ਕਣ ਨੂੰ ਆਪਣੇ ਵੱਲ ਖਿੱਚ ਲੈਂਦਾ ਹੈ, ਉਵੇਂ ਹੀ ਗੁਰੂ ਨਾਨਕ ਸਾਹਿਬ ਹਰ ਇਨਸਾਨ ਨੂੰ ਆਪਣੇ ਸਿਖਿਆ ਨਾਲ ਸਿੱਖ ਬਣਾ ਲੈਂਦੇ ਸਨ। ਗੁਰੂ ਸਾਹਿਬ ਨੇ ਵੱਡੇ ਵੱਡੇ ਆਲਮ ਤੇ ਫਾਜਲ (ਵਿਦਵਾਨ) ਲੋਕ, ਰਾਜੇ-ਮਹਾਰਾਜੇ, ਜਗੀਰਦਾਰ, ਚੌਧਰੀ, ਅਮੀਰ ਤੇ ਸ਼ਾਹ, ਮਿਹਨਤਕਸ਼ ਤੇ ਫਕੀਰ ਆਪ ਨੇ ਮੁਰੀਦ ਬਣਾਏ। ਭਾਵੇਂ ਗੁਰੂ ਸਾਹਿਬ ਨੇ ਕਿਸੇ ਨੂੰ ਸਿੱਖ ਬਣਨ ਵਾਸਤੇ ਨਹੀਂ ਕਿਹਾ ਪਰ ਜੋ ਵੀ ਸ਼ਖ਼ਸ ਉਨ੍ਹਾਂ ਨੂੰ ਮਿਲਿਆ ਉਹ ਸਦਾ ਵਾਸਤੇ ਉਨ੍ਹਾਂ ਦਾ ਨਾਮ ਲੇਵਾ ਹੋ ਗਿਆ।

ਗੁਰੂ ਸਾਹਿਬ ਮਹਾਨ ਪ੍ਰਚਾਰਕ ਸਨ। ਉਨ੍ਹਾਂ ਨੇ 40-50 ਹਜ਼ਾਰ ਕਿਲੋਮੀਟਰ ਪੈਦਲ ਚੱਲ ਕੇ ਕਈ ਮੁਲਕਾਂ ਦਾ ਦੌਰਾ ਕੀਤਾ ਅਤੇ ਸੈਂਕੜੇ ਨਗਰਾਂ ਦੇ ਲੋਕਾਂ ਨੂੰ ਰੂਹਾਨੀਅਤ ਦਾ ਪਾਠ ਪੜਾਇਆ। ਉਨ੍ਹਾਂ ਨੇ ਲੋਕਾਂ ਦੀ ਸਾਮਾਜਿਕ ਅਤੇ ਧਾਰਮਿਕ ਜ਼ਿੰਦਗੀ ਵੀ ਬਦਲ ਦਿਤੀ। ਉਹ ਪੰਜਾਬ ਦੇ ਪਹਿਲੇ ਤਾਰੀਖਦਾਨ (ਇਤਿਹਾਸਕਾਰ) ਵੀ ਸਨ। ਉਨ੍ਹਾਂ ਦੀਆਂ ਰਚਨਾਵਾਂ 'ਬਾਬਰ ਵਾਣੀ', 'ਆਸਾ ਦੀ ਵਾਰ', 'ਸਿੱਧ ਗੋਸ਼ਟ' ਵਗੈਰਾ ਉਸ ਜ਼ਮਾਨੇ ਦੀ ਕੀਮਤੀ ਤਵਾਰੀਖ ਹਨ। ਤਵਾਰੀਖ ਦੀ ਅਜਿਹੀ ਕਮਾਲ ਦੀ ਜਾਣਕਾਰੀ ਤੇ ਬਿਆਨ ਉਨ੍ਹਾਂ ਤੋਂ ਬਾਅਦ ਦੇ ਲੇਖਕਾਂ ਵਿਚ ਨਹੀ ਮਿਲਦੀ।

ਗੁਰੂ ਸਾਹਿਬ ਨੇ ਇਨਸਾਨ ਨੂੰ ਅਣਖ ਨਾਲ ਜੀਣ ਦਾ ਪੈਗਾਮ ਦਿਤਾ। ਬੇਗੈਰਤ ਇਨਸਾਨ ਦੀ ਜ਼ਿੰਦਗੀ ਨੂੰ ਉਨ੍ਹਾਂ ਨੇ ਹਰਾਮ ਆਖਿਆ।

ਗੁਰੂ ਸਾਹਿਬ ਨੇ 'ਸਚਿਆਰ' ਦੀ ਜ਼ਿੰਦਗੀ ਜਿਉਣ (ਕਿਰਤ ਕਰਣਾ, ਵੰਡ ਛੱਕਣਾ, ਨਾਮ ਜਪਣਾ) ਦਾ ਸਬਕ ਦਿਤਾ। ਹਰ ਇਨਸਾਨ ਨੂੰ ਕਿਰਤ ਕਮਾਈ ਦੀ, ਹੱਕ ਹਲਾਲ ਦੀ ਤੇ ਇਮਾਨਦਾਰੀ ਦੀ ਕਮਾਈ ਕਰਨੀ ਚਾਹੀਦੀ ਹੈ। ਹਰ ਇਨਸਾਨ ਦਾ ਫਰਜ ਹੈ ਕਿ ਉਹ ਆਪਣੀ ਕਮਾਈ ਵਿਚੋਂ ਦਸਵੰਦ ਕੱਢ ਕੇ ਲੋਕਾਈ ਦੀ ਭਲੇ ਵਾਸਤੇ ਖਰਚ ਕਰੇ ਅਤੇ ਲੋੜਵੰਦਾਂ ਤੇ ਮਜ਼ਬੂਰ ਤੇ ਲਾਚਾਰ ਲੋਕਾਂ ਦੀ ਮਦਦ ਕਰੇ। ਉਨ੍ਹਾਂ ਨੇ ਹਰ ਸਿੱਖ ਨੂੰ ਸਮਾਜ ਦਾ ਫਾਇਦੇ ਵਾਲਾ ਹਿੱਸਾ ਬਣਾਇਆ। ਉਨ੍ਹਾਂ ਆਖਿਆ ਕਿ ਹਰ ਇਨਸਾਨ ਦਾ ਫਰਜ਼ ਹੈ ਕਿ ਉਹ ਲੋਕਾਈ ਦੇ ਭਲੇ ਵਿਚ ਆਪਣਾ ਵੱਧ ਤੋਂ ਵੱਧ ਹਿੱਸਾ ਪਾਵੇ। ਹਰ ਇਨਸਾਨ ਨੂੰ ਕਿਰਤ ਕਰਨ ਤੇ ਵੰਡ ਛੱਕਣ ਦੇ ਨਾਲ-ਨਾਲ ਰੱਬ ਦਾ ਨਾਮ ਵੀ ਜਪਣਾ (ਉਸਨੂੰ ਹਰ ਵੇਲੇ ਯਾਦ ਰੱਖਣਾ) ਚਾਹੀਦਾ ਹੈ। ਰੱਬ ਦਾ ਨਾਮ ਜੱਪਣ ਦਾ ਮਤਲਬ ਹਰ ਵੇਲੇ ਰੱਬ-ਰੱਬ (ਜਾਂ ਵਾਹਿਗੁਰੂ-ਵਾਹਿਗੁਰੂ) ਕਹੀ ਜਾਣਾ ਨਹੀਂ ਹੈ ਬਲਕਿ ਰੱਬ ਨੂੰ ਹਰ ਥਾਂ ਹਾਜ਼ਰ ਨਾਜ਼ਰ ਜਾਣ ਕੇ, ਉਸਦੇ ਪਵਿੱਤਰ ਤੇ ਨਿਰਮਲ ਭਉ ਵਿਚ ਰਹਿ ਕੇ ਜ਼ਿੰਦਗੀ ਜਿਉਣੀ ਚਾਹੀਦੀ ਹੈ।

ਗੁਰੂ ਨਾਨਕ ਦੇਵ ਜੀ ਨੇ ਕਿਹਾ ਕਿ ਰੱਬ ਨਿੰਰਕਾਰ ਹੈ। ਉਸ ਦਾ ਕੋਈ ਰੰਗ, ਸ਼ਕਲ ਨਹੀਂਹੈ। ਇਸ ਕਰਕੇ ਉਸਦੀ ਕੋਈ ਮੂਰਤੀ ਜਾਂ ਬੁੱਤ ਵੀ ਨਹੀਂ ਹੋ ਸਕਦਾ। ਉਹ ਕਦੇ ਵੀ ਇਨਸਾਨੀ ਰੂਪ ਵਿਚ ਨਹੀਂ ਆਉਂਦਾ। ਅਕਾਲ ਪੁਰਖ ਸਾਰੀ ਦੁਨੀਆਂ ਵਿਚ ਰਮਿਆ ਹੋਇਆ ਹੈ। ਅਸੀਂ ਰੱਬ ਨੂੰ ਉਸਦੀ ਕੁਦਰਤ ਵਿਚੋਂ ਵੇਖ ਸਕਦੇ ਹਾਂ। ਉਸਦੀ ਪੈਦਾ ਕੀਤੀ ਦੁਨੀਆਂ ਤੇ ਅਸੀਂ ਵਿਸਮਾਦ ਜਾਹਿਰ ਕਰ ਸਕਦੇ ਹਾਂ। ਉਸਦੀ ਕੁਦਰਤ ਵਿਚੋਂ ਅਸੀਂ ਉਸਦੀ ਮਹਾਨਤਾ, ਤਾਕਤ ਤੇ ਹੱਸਤੀ ਦਾ ਅਹਿਸਾਸ ਕਰ ਸਕਦੇ ਹਾਂ। ਸਾਰੀ ਦੁਨੀਆਂ, ਸਾਰੀ ਕਾਇਨਾਤ ਉਸਦੇ ਹੁਕਮ ਅਨੁਸਾਰ ਚੱਲ ਰਹੀ ਹੈ। ਉਨ੍ਹਾਂ ਦੱਸਿਆ ਕਿ ਅਕਾਲ ਪੁਰਖ ਦੀ ਨਿਗਾਹ ਵਿਚ ਕੋਈ ਛੋਟਾ ਜਾਂ ਵੱਡਾ ਨਹੀਂ ਹੈ। ਉਸ ਵਾਸਤੇ ਕੋਈ ਚੁਣੇ ਹੋਏ ਜਾਂ ਰੱਦ ਕੀਤੇ ਹੋਏ ਲੋਕ ਨਹੀਂ ਸਨ। ਰੱਬ ਸਾਰੀਆਂ ਤੇ ਇੱਕੋ ਜਿਹੀ ਨਜ਼ਰ ਰੱਖਦਾ ਹੈ।

ਉਸਦੀ ਕਿਰਪਾ, ਮਿਹਰ, ਬਖਸ਼ਿਸ਼, ਉਸਦਾ ਪ੍ਰਸ਼ਾਦ ਹਰ ਇੱਕ ਵਾਸਤੇ ਇਕੋ ਜਿਹਾ ਹੈ। ਇਵੇਂ ਹੀ ਉਸਦਾ ਇਨਸਾਫ ਹਰ ਇੱਕ ਵਾਸਤੇ ਇਕੋ ਜਿਹਾ ਹੈ। ਪਰ ਜਿੰਨਾ ਕੋਲ ਦਇਆ, ਪਿਆਰ, ਨੇਕੀ, ਇਨਸਾਨੀਅਤ ਨਹੀਂ ਹੁੰਦੀ ਤੇ ਜੋ ਖੁਦ ਨਫ਼ਰਤ ਵੰਡਦੇ ਹਨ ਉਹ ਰੱਬ ਦੀ ਬਖਸ਼ਿਸ਼ ਤੋਂ ਵਾਂਝੇ ਰਹਿ ਜਾਂਦੇ ਹਨ। ਉਂਝ ਅਜਿਹੇ ਸਖਸ਼ ਦੀ ਮੁੜ ਰੱਬ ਦੇ ਰਸਤੇ ਚੱਲ ਕੇ ਉਸਦੀ ਬਖਸ਼ਿਸ਼ ਹਾਸਲ ਕਰ ਸਕਦੇ ਹਨ। ਇਨਸਾਨ ਨੂੰ ਰੱਬ ਦੇ ਭਾਣੇ ਵਿਚ ਰਹਿਣਾ ਚਾਹੀਦਾ ਹੈ। ਰੱਬ ਨਾਲ ਸ਼ਿਕਵਾ-ਸ਼ਿਕਾਇਤ ਕਰਨਾ ਉਸਦਾ ਭਾਣਾ ਨਾ ਮੰਨਣਾ ਹੈ।

ਗੁਰੂ ਨਾਨਕ ਦੇਵ ਜੀ ਔਰਤ ਨੂੰ ਮਰਦ ਤੋਂ ਨੀਵਾਂ ਦਰਜਾ ਦੇਣ ਨੂੰ ਵੀ ਗੈਰ ਰੂਹਾਨੀ ਸੋਚ ਆਖਦੇ ਹਨ। ਜਿਹੜੀ ਔਰਤ ਰਾਜਿਆਂ ਤੇ ਮਹਾਨ ਰੂਹਾਨੀ ਹੱਸਤੀਆਂ ਨੂੰ ਜਨਮ ਦਿੰਦੀ ਹੈ, ਉਹ ਮਾੜੀ ਕਿੰਝ ਹੋ ਸਕਦੀ ਹੈ?

ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥

ਗੁਰੂ ਨਾਨਕ ਦੇਵ ਜੀ ਨੇ ਰੂਹਾਨੀਅਤ ਅਤੇ ਸੇਵਾਂ ਨੂੰ ਇੱਕ ਦੂਜੇ ਦਾ ਪੂਰਕ ਬਣਾਇਆ। ਉਨ੍ਹਾਂ ਕਿਹਾ ਕਿ ਸਮਾਜ ਸੇਵਾ ਤੋਂ ਬਿਨਾਂ ਧਰਮ ਅਧੂਰਾ ਹੈ ਅਤੇ ਲੋਕਾਈ ਦੇ ਭਲੇ ਤੋਂ ਬਿਨਾਂ ਰੂਹਾਨੀਅਤ ਫੋਕੀ ਹੈ। ਉਨ੍ਹਾਂ ਧਰਮ ਨੂੰ ਭਾਈਚਾਰਕ ਰੂਹਾਨੀਅਤ ਦਾ ਆਧਾਰ ਬਣਾਇਆ।

ਗੁਰੂ ਨਾਨਕ ਦੇਵ ਜੀ ਗ੍ਰਹਿਸਤ ਧਰਮ ਨੂੰ ਇਨਸਾਨ ਵਾਸਤੇ ਸਭ ਤੋਂ ਚੰਗਾ ਰਸਤਾ ਕਹਿੰਦੇ ਹਨ। ਇਸ ਦੁਨੀਆਂ ਵਿਚ ਰਹਿਣ ਵਾਲੇ ਇਨਸਾਨ ਦੀਆਂ ਕੁਝ ਬੁਨਿਆਦੀ ਜਿਸਮਾਨੀ ਲੋੜਾਂ ਵੀ ਹਨ। ਗੁਰੂ ਨਾਨਕ ਦੇਵ ਜੀ ਇਨਸਾਨ ਦੀ ਜ਼ਿੰਦਗੀ ਦੇ ਇਸ ਪਹਿਲੂ ਨੂੰ ਰੱਦ ਨਹੀਂ ਕਰਦੇ। ਉਹ ਕਹਿੰਦੇ ਹਨ ਕਿ ਇਨਸਾਨ ਨੂੰ ਮੋਹ ਮਾਇਆ ਛੱਡਣੀ ਚਾਹੀਦੀ ਹੈ, ਦੁਨੀਆਂ ਨਹੀਂ। ਇਨਸਾਨ ਨੂੰ ਇਸ ਦੁਨੀਆਂ ਦੀ ਪੱਕੜ ਤੋਂ ਆਜ਼ਾਦ ਰਹਿਣਾ ਚਾਹੀਦਾ ਹੈ। ਨਾ ਕੀ ਦੁਨੀਆਦਾਰੀ ਹੀ ਛੱਡ ਦੇਣੀ ਚਾਹੀਦੀ ਹੈ। ਦੁਨੀਆਂ ਤਿਆਗਣਾ ਤਾਂ ਮੈਦਾਨ ਵਿਚੋਂ ਦੌੜਨ ਵਾਲੀ ਗੱਲ ਹੈ। ਦੂਜਾ, ਦੁਨੀਆਂ ਤਿਆਗ ਕੇ ਫੇਰ ਗ੍ਰਹਿਸਥੀਆਂ ਤੋਂ ਹੀ ਬੁਨਿਆਦੀ ਜ਼ਰੂਰਤਾਂ ਵਾਸਤੇ ਮਦਦ ਮੰਗਣੀ ਪੈਂਦੀ ਹੈ, ਸੋ ਇਹ ਤਾਂ ਇੱਕ ਕਿਸਮ ਦਾ ਦੰਭ ਹੀ ਹੈ।

ਗੁਰੂ ਨਾਨਕ ਦੇਵ ਜੀ ਦਾ ਸਬਕ ਸੀ ਕਿ ਇਨਸਾਨ ਨੇ ਮੁਕਤੀ ਇਸੇ ਜ਼ਿੰਦਗੀ ਵਿਚ ਹਾਸਲ ਕਰਨੀ ਹੈ। ਸਿੱਖ ਫਲਸਫੇ ਮੁਤਾਬਕ ਆਪਣੇ ਆਪ ਨੂੰ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਅਤੇ ਹਉਮੈ ਤੋਂ ਬਚਾਅ ਲੈਣਾ ਹੀ ਮੁਕਤੀ ਹੈ। ਮੁਕਤੀ ਕੋਈ ਕਰਨ ਪਿੱਛੋਂ ਹਾਸਲ ਕਰਨ ਵਾਲੀ ਸ਼ੈਅ ਨਹੀਂ ਹੈ। ਮਰਨ ਮਗਰੋਂ ਹਾਸਲ ਹੋਣ ਵਾਲੀ ਤਾਂ ਅਖੌਤੀ ਮੁਕਤੀ ਹੈ। (ਉਸ ਹਿਸਾਬ ਨਾਲ ਤਾਂ ਮੌਤ ਹੀ ਮੁਕਤੀ ਹੈ) ਅਸਲ ਮੁਕਤੀ ਤਾਂ ਜੀਵਨ ਮੁਕਤੀ ਹੈ ਜੋ ਇਨਸਾਨ ਹੀ ਜੀਊਂਦਿਆਂ ਹੀ ਹਾਸਲ ਕਰ ਸਕਦਾ ਹੈ।

ਉਨ੍ਹਾਂ ਨੇ ਇਨਸਾਨ ਨੂੰ ਸਾਦੀ ਜ਼ਿੰਦਗੀ ਜੀਊਣ ਦਾ ਸਬਕ ਦਿੱਤਾ। ਉਨ੍ਹਾਂ ਕਿਹਾ ਕਿ ਬੰਦਾ ਆਪਣੀਆਂ ਖਾਹਿਸ਼ਾਂ ਵਧਾਉਂਦਾ ਵਧਾਉਂਦਾ ਇਸ ਮਾਇਆ ਜਾਲ ਵਿਚ ਫਸ ਜਾਂਦਾ ਹੈ ਤੇ ਫਿਰ ਵਧੀਆਂ ਖਾਹਿਸ਼ਾਂ ਦੀ ਪੂਰਤੀ ਵਾਸਤੇ ਪਾਪ ਕਰ ਕਰਦਾ ਹੈ। ਉਨ੍ਹਾਂ ਨੇ ਕਰਮ ਕਾਂਡ ਤੇ ਧਾਰਮਿਕ ਦਿਖਾਵੇ ਨੂੰ ਪਾਖੰਡ ਦੱਸਿਆ ਅਤੇ ਕਿਹਾ ਕਿ ਚੰਗਾ ਇਨਸਾਨ ਬਣਨਾ ਹੀ ਅਸਲ ਧਰਮ ਹੈ। ਧਰਮ ਵਿਚ ਸੱਚ, ਪਿਆਰ, ਇਨਸਾਨੀਅਤ, ਇਨਸਾਫ, ਸਾਦਾ ਜੀਵਨ, ਲੋਕ ਸੇਵਾ, ਵਿਕਾਰਾਂ ਤੋਂ ਬੱਚਣਾ, ਮਨ ਦੀਆਂ ਖਾਹਿਸ਼ਾਂ ਤੇ ਕਾਬੂ ਪਾਉਣਾ (ਮਨ ਨੂੰ ਜਿੱਤਣਾ) ਹੀ ਅਸਲ ਕਰਮ ਤੇ ਭਗਤੀ ਹਨ।

ਗੁਰੂ ਨਾਨਕ ਦੇਵ ਜੀ ਪਹਿਲੇ ਧਾਰਮਿਕ ਮੁੱਖੀ ਸਨ ਜਿੰਨਾਂ ਨੇ ਧਰਤੀ ਦੀ ਰਚਨਾ ਤੇ ਇਸ ਬ੍ਰਹਿਮੰਡ ਦੀ ਬੇਅੰਤਤਾ ਬਾਰੇ ਅਜੋਕੀ ਸਾਇੰਸ ਤੋਂ ਵੀ ਅਗਲੇਰੀਆਂ ਗੱਲਾਂ ਪੇਸ਼ ਕੀਤੀਆਂ ਸਨ। ਅੱਜ ਜੋ ਕੁਝ ਸਾਇੰਸ ਮੰਨ ਰਹੀ ਹੈ ਉਸਦਾ ਬਹੁਤ ਹਿੱਸਾ ਗੁਰੂ ਨਾਨਕ ਦੇਵ ਜੀ ਦੀ 'ਬਾਣੀ ਵਿਚ ਪਹਿਲੋਂ ਹੀ ਮੌਜੂਦ ਹੈ।

ਵਿਸ਼ਵ ਸ਼ਾਂਤੀ ਤੇ ਧਾਰਮਿਕ ਚੇਤਨਾ ਦੇ ਮੋਢੀ ਗੁਰੂ ਨਾਨਕ ਦੇਵ ਜੀ

ਜਸਮੀਨ ਕੌਰ

ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪਾਵਨ ਪ੍ਰਕਾਸ਼ 1469 ਈ: ਨੂੰ ਰਾਏ ਭੋਇ ਦੀ ਤਲਵੰਡੀ (ਨਨਕਾਣਾ ਸਾਹਿਬ-ਪਾਕਿਸਤਾਨ) ਵਿਖੇ ਪਿਤਾ ਮਹਿਤਾ ਕਲਿਆਨ ਦਾਸ ਜੀ ਦੇ ਘਰ ਮਾਤਾ ਤ੍ਰਿਪਤਾ ਜੀ ਦੇ ਉਦਰ ਤੋਂ ਹੋਇਆ ਸੀ। ਉਨ੍ਹਾਂ ਦੇ ਆਗਮਨ ਸਮੇਂ ਹਿੰਦੁਸਤਾਨ ਵਿਚ ਅਧਰਮ ਅਤੇ ਕੂੜ ਦਾ ਬੋਲਬਾਲਾ ਸੀ। ਲੋਕ ਫੋਕੇ ਕਰਮਕਾਂਡਾਂ, ਜਾਦੂ-ਟੂਣਿਆਂ ਅਤੇ ਜੰਤਰਾਂ-ਮੰਤਰਾਂ ਦੇ ਜਾਲ ਵਿਚ ਬੁਰੀ ਤਰ੍ਹਾਂ ਫਸ ਚੁੱਕੇ ਸਨ ਅਤੇ ਉਨ੍ਹਾਂ ਦਾ ਪ੍ਰਮਾਤਮਾ ਵਿਚੋਂ ਵਿਸ਼ਵਾਸ ਟੁੱਟ ਰਿਹਾ ਸੀ। ਹਿੰਦੂ ਧਰਮ, ਜਿਸ ਨੂੰ ਉਸ ਦੇ ਹੀ ਬਣਾਏ ਵਰਣ-ਵੰਡ ਨੇ ਕਮਜ਼ੋਰ ਕਰ ਦਿੱਤਾ ਸੀ, ਢਹਿੰਦੀਆਂ ਕਲਾਂ ਵੱਲ ਜਾ ਰਿਹਾ ਸੀ। ਬ੍ਰਾਹਮਣ ਸ਼੍ਰੇਣੀ ਪ੍ਰਮਾਤਮਾ ਦੇ ਗਿਆਨ ਦੀ ਗੱਲ ਛੱਡ ਕੇ ਮਾਇਆ ਦੇ ਲਾਲਚ ਵਿਚ ਲੋਕਾਂ ਨੂੰ ਕਰਮਕਾਂਡਾਂ ਦੇ ਭਰਮ-ਜਾਲ ਵਿਚ ਉਲਝਾ ਰਹੀ ਸੀ। ਖੱਤਰੀ ਆਪਣਾ ਜੁਝਾਰੂਪਣ ਭੁੱਲ ਚੁੱਕੇ ਸਨ। ਸਮਾਜ ਦੇ ਇਸ ਨਿਘਾਰ ਤੋਂ ਮੁਸਲਿਮ ਸਮਾਜ ਵੀ ਨਹੀਂ ਸੀ ਬਚਿਆ। ਮੁਗਲ ਹਕੂਮਤ ਦੇ ਕਰਿੰਦੇ, ਮੁੱਲਾਂ ਤੇ ਕਾਜ਼ੀ, ਸਭ ਜੋਕਾਂ ਵਾਂਗ ਲੋਕਾਂ ਦਾ ਖੂਨ ਚੂਸ ਰਹੇ ਸਨ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸ਼ਬਦਾਂ ਵਿਚ ਉਸ ਸਮੇਂ ਦੀ ਦਸ਼ਾ ਇਸ ਪ੍ਰਕਾਰ ਸੀ :

ਕਲਿ ਕਾਤੀ ਰਾਜੇ ਕਾਸਾਈ
ਧਰਮੁ ਪੰਖ ਕਰਿ ਉਡਰਿਆ॥
ਕੂੜੁ ਅਮਾਵਸ ਸਚੁ ਚੰਦ੍ਰਮਾ
ਦੀਸੈ ਨਾਹੀ ਕਹ ਚੜਿਆ॥
ਹਉ ਭਾਲਿ ਵਿਕੁੰਨੀ ਹੋਈ॥
ਆਧੇਰੈ ਰਾਹੁ ਨ ਕੋਈ॥
ਭਾਈ ਗੁਰਦਾਸ ਜੀ ਅਨੁਸਾਰ :
ਬਾਬਾ ਦੇਖੈ ਧਿਆਨ ਧਰਿ ਜਲਤੀ
ਸਭਿ ਪ੍ਰਿਥਵੀ ਦਿਸਿ ਆਈ।
ਬਾਝਹੁੰ ਗੁਰੂ ਗੁਬਾਰ ਹੈ,
ਹੈ ਹੈ ਕਰਦੀ ਸੁਣੀ ਲੋਕਾਈ।
ਬਾਬੇ ਭੇਖ ਬਣਾਇਆ,
ਉਦਾਸੀ ਕੀ ਰੀਤਿ ਚਲਾਈ।
ਚੜਿਆ ਸੋਧਣਿ ਧਰਤਿ ਲੁਕਾਈ।

ਗੁਰੂ ਸਾਹਿਬ ਨੇ ਆਪਣੇ ਬਚਪਨ ਦੇ ਸਾਥੀ ਭਾਈ ਬਾਲਾ ਅਤੇ ਰਬਾਬੀ ਭਾਈ ਮਰਦਾਨਾ ਨੂੰ ਸਾਥੀ ਬਣਾ ਪੰਜ ਮਹਾਨ ਯਾਤਰਾਵਾਂ ਕੀਤੀਆਂ। ਇਨ੍ਹਾਂ ਯਾਤਰਾਵਾਂ, ਜਿਨ੍ਹਾਂ ਨੂੰ ਉਦਾਸੀਆਂ ਵੀ ਕਿਹਾ ਜਾਂਦਾ ਹੈ, ਦੌਰਾਨ ਆਪ ਸੰਸਾਰ ਦੇ ਵੱਖ-ਵੱਖ ਭਾਗਾਂ, ਖਾਸ ਕਰਕੇ ਵਿਭਿੰਨ ਧਰਮਾਂ ਦੇ ਕੇਂਦਰੀ ਅਸਥਾਨਾਂ ਵਿਖੇ ਪੁੱਜੇ ਅਤੇ ਫੋਕੇ ਕਰਮਕਾਂਡਾਂ, ਧਾਰਮਿਕ ਅੰਧ-ਵਿਸ਼ਵਾਸਾਂ ਅਤੇ ਵਹਿਮਾਂ-ਭਰਮਾਂ ਦਾ ਤਰਕਸੰਗਤ ਖੰਡਨ ਕਰਦਿਆਂ ਲੋਕਾਂ ਨੂੰ ਇਕੋ ਪ੍ਰਮਾਤਮਾ ਦੇ ਲੜ ਲੱਗਣ ਲਈ ਪ੍ਰੇਰਿਆ ਅਤੇ ਧਾਰਮਿਕ ਤੇ ਸਮਾਜਿਕ ਚੇਤਨਾ ਦੇਣ ਦੇ ਨਾਲ-ਨਾਲ ਉਨ੍ਹਾਂ ਨੇ ਜਰਵਾਣਿਆਂ ਦੇ ਜ਼ੁਲਮਾਂ ਦੀ ਵੀ ਜ਼ੋਰਦਾਰ ਸ਼ਬਦਾਂ ਵਿਚ ਨਿਖੇਧੀ ਕੀਤੀ। ਹਮਲਾਵਰ ਬਾਬਰ ਵੱਲੋਂ ਕੀਤੀ ਲੁੱਟ-ਖਸੁੱਟ ਦਾ ਜ਼ਿਕਰ ਕਰਦੇ ਹੋਏ ਆਪ ਫ਼ੁਰਮਾਉਂਦੇ ਹਨ :

ਖੁਰਾਸਾਨ ਖਸਮਾਨਾ ਕੀਆ
ਹਿੰਦੁਸਤਾਨੁ ਡਰਾਇਆ॥
ਆਪੈ ਦੋਸੁ ਨ ਦੇਈ ਕਰਤਾ
ਜਮੁ ਕਰਿ ਮੁਗਲੁ ਚੜਾਇਆ॥
ਏਤੀ ਮਾਰ ਪਈ ਕਰਲਾਣੇ
ਤੈਂ ਕੀ ਦਰਦੁ ਨ ਆਇਆ॥

ਗੁਰੂ ਨਾਨਕ ਸਾਹਿਬ ਨੇ ਅਥਾਹ ਬਾਣੀ ਰਚੀ, ਜੋ ਸਿੱਖ ਧਰਮ ਦਾ ਮੂਲ ਆਧਾਰ ਮੰਨੀ ਜਾਂਦੀ ਹੈ। ਗੁਰੂ ਸਾਹਿਬ ਦੇ ਪਾਵਨ ਉਪਦੇਸ਼ਾਂ ਅਤੇ ਸਿਧਾਂਤਾਂ ਨੇ ਹਿੰਦੁਸਤਾਨ ਦੇ ਇਤਿਹਾਸ ਨੂੰ ਬਦਲ ਕੇ ਰੱਖ ਦਿੱਤਾ ਅਤੇ ਇਕ ਨਵੇਂ ਯੁੱਗ ਦੀ ਸ਼ੁਰੂਆਤ ਹੋਈ। ਉਨ੍ਹਾਂ ਨੇ ਸਿੱਖ ਧਰਮ ਨੂੰ ਸਿਰਫ ਅਧਿਆਤਮਿਕਤਾ ਤੱਕ ਹੀ ਸੀਮਤ ਨਹੀਂ ਰੱਖਿਆ, ਸਗੋਂ ਮਨੁੱਖੀ-ਜੀਵਨ ਦੀ ਹਰ ਪੱਖ ਤੋਂ ਅਗਵਾਈ ਕਰਨ ਵਾਲਾ ਧਰਮ ਬਣਾਇਆ। ਉਨ੍ਹਾਂ ਨੇ ਮਨੁੱਖ ਨੂੰ ਸਚਾਈ, ਨਿਮਰਤਾ, ਦਇਆ, ਸੇਵਾ, ਸਬਰ, ਸੰਤੋਖ, ਪਰਉਪਕਾਰ ਆਦਿ ਗੁਣਾਂ ਦੇ ਧਾਰਨੀ ਹੋ ਆਤਮ-ਨਿਰਭਰ ਤੇ ਸਵੈਮਾਣ ਵਾਲਾ ਜੀਵਨ ਜਿਊਣ ਦੇ ਯੋਗ ਬਣਾਇਆ। ਗੁਰੂ ਸਾਹਿਬ ਨੇ ਸਮਕਾਲੀ ਸਮਾਜ ਵਿਚ ਆਰਥਿਕ ਅਸਮਾਨਤਾ ਅਤੇ ਲੁੱਟ-ਖਸੁੱਟ ਨੂੰ ਦੇਖਦਿਆਂ ਨਾਮ ਜਪੋ, ਕਿਰਤ ਕਰੋ ਅਤੇ ਵੰਡ ਛਕੋ ਦੇ ਬੁਨਿਆਦੀ ਸਿਧਾਂਤਾਂ ਨੂੰ ਪ੍ਰਚਾਰਿਆ। ਗੁਰੂ ਸਾਹਿਬ ਦੇ ਸਮੇਂ ਹਿੰਦੁਸਤਾਨੀ ਸਮਾਜ ਵਿਚ ਜਿੱਥੇ ਛੂਤ-ਛਾਤ ਦਾ ਬੋਲਬਾਲਾ ਸੀ, ਉੱਥੇ ਨਾਰੀ ਨਾਲ ਵੀ ਸਨਮਾਨਜਨਕ ਵਿਹਾਰ ਨਹੀਂ ਸੀ ਕੀਤਾ ਜਾਂਦਾ। ਉਸ ਨੂੰ ਪੈਰ ਦੀ ਜੁੱਤੀ, ਦਾਸੀ ਅਤੇ ਪਰਦੇ ਵਿਚ ਰਹਿਣ ਵਾਲੀ ਵਸਤੂ ਹੀ ਸਮਝਿਆ ਜਾਂਦਾ ਸੀ। ਨਾਰੀ ਨੂੰ ਮਨੁੱਖ ਦੇ ਬਰਾਬਰ ਸਨਮਾਨਜਨਕ ਰੁਤਬਾ ਪ੍ਰਦਾਨ ਕਰਨ ਦੀ ਵਡਿਆਈ ਵੀ ਗੁਰੂ ਜੀ ਦੇ ਹਿੱਸੇ ਹੀ ਆਈ। ਆਪ ਦਾ ਪਾਵਨ ਫ਼ਰਮਾਨ ਹੈ :

ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ॥
ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ॥
ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ॥
ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥

ਇਸੇ ਤਰ੍ਹਾਂ ਆਪ ਜੀ ਨੇ ਉਚ-ਨੀਚ ਅਤੇ ਜਾਤ-ਪਾਤ ਦੇ ਵੰਡ-ਵਿਤਕਰੇ ਦੀ ਨਿਖੇਧੀ ਹੀ ਨਹੀਂ ਕੀਤੀ ਬਲਕਿ ਅਮਲੀ ਰੂਪ ਵਿਚ ਇਸ 'ਤੇ ਪਹਿਰਾ ਦਿੱਤਾ। ਆਪ ਫ਼ੁਰਮਾਉਂਦੇ ਹਨ:

ਨੀਚਾ ਅੰਦਰਿ ਨੀਚ
ਜਾਤਿ ਨੀਚੀ ਹੂ ਅਤਿ ਨੀਚ

‘ਤੁਹਾਡੇ ਪੁੱਤਰ ਨਾਲ ਖੇਡਣ ਤੋਂ ਬਾਅਦ ਮੈਂ ਸੰਨਿਆਸ ਲੈ ਲਵਾਂਗਾ

ਏਜੰਸੀਆਂ

ਨਵੀਂ ਦਿੱਲੀ 15 ਸਤੰਬਰ। ਅਨੁਭਵੀ ਕ੍ਰਿਕਟਰ ਪੀਊਸ਼ ਚਾਵਲਾ ਨੇ ਮਜਾਕੀਆ ਅੰਦਾਜ ‘ਚ ਸੰਕੇਤ ਦਿੱਤਾ ਹੈ ਕਿ ਉਹ ਭਾਰਤ ਦੇ ਸਾਬਕਾ ਕਪਤਾਨ ਮਹਿੰਦਰ ਸਿੰਘ ਧੋਨੀ ਦੀ ਤਰ੍ਹਾਂ ਸੰਨਿਆਸ ਲੈ ਸਕਦੇ ਹਨ। 35 ਸਾਲਾਂ ਚਾਵਲਾ ਆਈਪੀਐੱਲ ‘ਚ ਸਰਗਰਮ ਹਨ ਅਤੇ ਉਨ੍ਹਾਂ ਨੇ ਕਈ ਹੋਰ ਸਾਲ ਖੇਡਦੇ ਰਹਿਣ ਦਾ ਇਰਾਦਾ ਜਤਾਇਆ ਹੈ। ਸ਼ੁਭੰਕਰ ਮਿਸ਼ਰਾ ਸ਼ੋਅ ‘ਚ ਚਾਵਲਾ ਨੇ ਸਾਥੀ ਕ੍ਰਿਕਟਰ ਪ੍ਰਿਥਵੀ ਸ਼ਾਹ ਦੇ ਨਾਲ ਇਕ ਹਲਕੀ-ਫੁਲਕੀ ਗੱਲਬਾਤ ਸਾਂਝੀ ਕੀਤੀ। ਉਨ੍ਹਾਂ ਨੇ ਕਿਹਾ ਕਿ ਕੁਝ ਸਮਾਂ ਪਹਿਲਾਂ ਪ੍ਰਿਥਵੀ ਸ਼ਾਹ ਨੇ ਮੈਨੂੰ ਕਿਹਾ ਸੀ ‘ਬੱਸ ਕਰੋ ਯਾਰ ਹੁਣ ਪੀਸੀ ਭਰਾ’। ਮੈਂ ਕਿਹਾ, ਮੈਂ ਸਚਿਨ ਭਰਾ ਦੇ ਨਾਲ ਖੇਡ ਚੁੱਕਾ ਹਾਂ ਅਤੇ ਹੁਣ ਉਨ੍ਹਾਂ ਦੇ ਪੁੱਤਰ ਦੇ ਨਾਲ ਖੇਡ ਰਿਹਾ ਹਾਂ। ਮੈਂ ਤੁਹਾਡੇ ਨਾਲ ਖੇਡ ਰਿਹਾ ਹਾਂ ਅਤੇ ਤੁਹਾਡੇ ਪੁੱਤਰ ਦੇ ਨਾਲ ਖੇਡਣ ਤੋਂ ਬਾਅਦ ਮੈਂ ਸੰਨਿਆਸ ਲੈ ਲਵਾਂਗਾ। ਚਾਵਲਾ ਦੀ ਟਿੱਪਣੀ ਕ੍ਰਿਕਟ ਦੇ ਪ੍ਰਤੀ ਉਨ੍ਹਾਂ ਦੇ ਜੁਨੂਨ ਨੂੰ ਦਰਸਾਉਂਦੀ ਹੈ। ਹਾਲਾਂਕਿ ਹੁਣ ਉਹ ਅੰਤਰਰਾਸ਼ਟਰੀ ਖਿਡਾਰੀ ਨਹੀਂ ਹਨ ਪਰ ਦੋ ਵਾਰ ਦੇ ਵਿਸ਼ਵ ਕੱਪ ਜੇਤੂ ਅਜੇ ਵੀ ਆਈਪੀਐੱਲ ‘ਚ ਅਸਰ ਪਾ ਰਹੇ ਹਨ। ਜਦੋਂ ਉਨ੍ਹਾਂ ਤੋਂ ਪੁੱਛਿਆ ਗਿਆ ਕਿ ਸਭ ਤੋਂ ਪਹਿਲਾਂ ਕੌਣ ਰਿਟਾਇਰ ਹੋ ਸਕਦਾ ਹੈ ਤਾਂ ਚਾਵਲਾ ਨੇ ਮਜਾਕੀਆ ਅੰਦਾਜ ‘ਚ ਆਪਣੇ ਸਾਬਕਾ ਭਾਰਤੀ ਕਪਤਾਨ ਐੱਮਐੱਸ ਧੋਨੀ ਵੱਲ ਇਸ਼ਾਰਾ ਕਰਦੇ ਹੋਏ ਕਿਹਾ ਕਿ ਮਾਹੀ ਭਰਾ’। ਅੰਤਰਰਾਸ਼ਟਰੀ ਕ੍ਰਿਕਟ ਛੱਡਣ ਦੇ

ਬਾਵਜੂਦ ਧੋਨੀ ਵੀ ਚਾਵਲਾ ਦੀ ਤਰ੍ਹਾਂ ਆਈਪੀਐੱਲ ‘ਚ ਖੇਡਣਾ ਜਾਰੀ ਰੱਖੇ ਹੋਏ ਹਨ। ਦੋਵੇਂ ਖਿਡਾਰੀ ਕ੍ਰਿਕਟ ‘ਚ ਆਪਣੀ ਆਪਣੀ ਲੰਬੀ ਮਿਆਦ ਲਈ ਜਾਣੇ ਜਾਂਦੇ ਹਨ ਜੋ ਆਪਣੀ ਉਮਰ ਦੇ ਬਾਵਜੂਦ ਲਗਾਤਾਰ ਚੰਗਾ ਪ੍ਰਦਰਸ਼ਨ ਕਰਦੇ ਰਹਿੰਦੇ ਹਨ। ਚਾਵਲਾ ਦੀਆਂ ਟਿੱਪਣੀਆਂ ਤੋਂ ਪਤਾ ਚੱਲਦਾ ਹੈ ਕਿ ਉਹ ਕੁਝ ਸਮੇਂ ਲਈ ਖੇਡ ‘ਚ ਬਣੇ ਰਹਿਣ ਦੀ ਯੋਜਨਾ ਬਣਾ ਰਹੇ ਹਨ ਤਾਂ ਜੋ ਜ?ਿਆਦਾ ਸੀਜਨ ਲਈ ਕ੍ਰਿਕਟ ਪ੍ਰਸ਼ੰਸਕਾਂ ਦਾ ਮਨੋਰੰਜਨ ਕਰ ਸਕਣ।

ਬਰਨਾਲਾ ‘ਚ ਤਣਾਅਪੂਰਨ ਹੋਇਆ ਮਾਹੌਲ, ਐੱਸ. ਜੀ. ਪੀ. ਸੀ. ਦੀ ਟਾਸਕ ਫੋਰਸ ਤਾਇਨਾਤ, ਵੱਡੀ ਗਿਣਤੀ ਪਹੁੰਚੀ ਪੁਲਸ

ਸਰਦੂਲ ਸਿੰਘ

ਬਰਨਾਲਾ 15 ਸਤੰਬਰ। ਬਰਨਾਲਾ ਬੱਸ ਅੱਡੇ ‘ਤੇ ਮਾਹੌਲ ਉਸ ਸਮੇਂ ਤਣਾਅਪੂਰਨ ਹੋ ਗਿਆ ਜਦੋਂ ਐੱਸ. ਜੀ. ਪੀ. ਸੀ. ਟਾਸਕ ਫੋਰਸ ਦੇ ਮੁਲਾਜਮ ਅਤੇ ਦੁਕਾਨਦਾਰ ਆਹਮੋ ਸਾਹਮਣੇ ਹੋ ਗਏ। ਦਰਅਸਲ ਐੱਸ. ਜੀ. ਪੀ. ਸੀ. ਮੁਲਾਜਮਾਂ ਨੇ ਕਈ ਦੁਕਾਨਾਂ ਬੰਦ ਕਰ ਦਿੱਤੀਆਂ। ਜਿਸ ਤੋਂ ਬਾਅਦ ਮਾਹੌਲ ਤਣਾਅਪੂਰਨ ਹੋ ਗਿਆ ਅਤੇ ਭਾਰੀ ਪੁਲਸ ਫੋਰਸ ਮੌਕੇ ‘ਤੇ ਤਾਇਨਾਤ ਕਰਨੀ ਪਈ। ਦੂਜੇ ਪਾਸੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਨੇਜਰ ਅਤੇ ਹੋਰ ਕਰਮਚਾਰੀਆਂ ਨੇ ਗੱਲਬਾਤ ਕਰਦੇ ਹੋਏ ਦੱਸਿਆ ਕਿ ਬਰਨਾਲਾ ਦੇ ਬੱਸ ਅੱਡੇ ਦੇ ਨਜਦੀਕ ਸਾਰੀਆਂ ਦੁਕਾਨਾਂ ਸ਼੍ਰੋਮਣੀ ਕਮੇਟੀ ਦੀਆਂ ਹਨ ਪਰ ਮਹੰਤ ਪਿਆਰਾ ਸਿੰਘ ਨੇ ਬਿਨਾਂ ਕਿਸੇ ਕੋਰਟ ਦੇ ਹੁਕਮ ਦੇ ਦੁਕਾਨਦਾਰਾਂ ਨੂੰ ਗੁੰਮਰਾਹ ਕਰਕੇ ਦੁਕਾਨਾਂ ਦਾ ਕਿਰਾਇਆ ਵਸੂਲਣਾ ਸ਼ੁਰੂ ਕਰ ਦਿੱਤਾ ਹੈ। ਇਹ ਦੁਕਾਨਾਂ ਪਿਛਲੇ 50 ਸਾਲਾਂ ਤੋਂ ਐੱਸ.ਜੀ.ਪੀ.ਸੀ. ਦੇ ਨਾਂ ‘ਤੇ ਕਿਰਾਏ ‘ਤੇ ਹਨ ਅਤੇ ਐੱਸ.ਜੀ.ਪੀ.ਸੀ. ਹੀ ਇਹ ਕਿਰਾਇਆ ਵਸੂਲਦੀ ਰਹੀ ਹੈ ਪਰ ਉਕਤ ਮਹੰਤ ਨੇ ਦੁਕਾਨਾਂ ਦਾ ਕਿਰਾਇਆ ਅੱਧਾ ਕਰਨ ਦਾ ਲਾਲਚ ਦਿੱਤਾ। ਮਹੰਤ ਦੇ ਨਾਲ ਮਿਲ ਕੇ ਕੁਝ ਦੁਕਾਨਦਾਰ ਇਹ ਦੁਕਾਨਾਂ ਹੜੱਪਣਾ ਚਾਹੁੰਦੇ ਹਨ। ਉਹ ਉਨ੍ਹਾਂ ਦੀਆਂ ਦੁਕਾਨਾਂ ਉੱਤੇ ਕਾਰਵਾਈ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਵੱਡੀ ਗਿਣਤੀ ਵਿਚ ਦੁਕਾਨਦਾਰ ਕਿਰਾਇਆ ਨਹੀਂ ਦੇ ਰਹੇ ਹਨ ਜਦਕਿ ਕੁਝ ਦੁਕਾਨਦਾਰ ਕਿਰਾਇਆ ਦੇ ਰਹੇ ਹਨ। ਹੁਣ ਤੱਕ ਉਹ 8 ਦੁਕਾਨਾਂ ‘ਤੇ ਤਾਲੇ ਲਾ ਚੁੱਕੇ ਹਨ। ਉਨ੍ਹਾਂ ਕਿਹਾ ਕਿ ਇਹ ਕਾਰਵਾਈ ਕਾਨੂੰਨ ਦੇ ਦਾਇਰੇ ‘ਚ ਕੀਤੀ ਜਾ ਰਹੀ ਹੈ। ਪ੍ਰਸ਼ਾਸਨ ਨੇ ਮੌਕੇ ‘ਤੇ ਪਹੁੰਚ ਕੇ ਇਸ ਮਸਲੇ ਨੂੰ ਸੁਲਝਾਉਣ ਦਾ ਯਤਨ ਕੀਤਾ ਹੈ, ਜਿਸ ਕਰਕੇ ਉਨ੍ਹਾਂ ਨੇ ਆਪਣੀ ਕਾਰਵਾਈ ਰੋਕ ਦਿੱਤੀ ਹੈ। ਇਸ ਮੌਕੇ ਪ੍ਰਦਰਸ਼ਨਕਾਰੀ ਦੁਕਾਨਦਾਰਾਂ ਨੇ ਕਿਹਾ ਕਿ ਬੱਸ ਅੱਡੇ ਦੇ ਨਜਦੀਕ ਦੀਆਂ ਦੁਕਾਨਾਂ ਡੇਰਾ ਬਾਬਾ ਗਾਂਧਾ ਸਿੰਘ ਦੀਆਂ ਹਨ। ਪਹਿਲਾਂ ਇਹ ਦੁਕਾਨਾਂ ਐੱਸ.ਜੀ.ਪੀ.ਸੀ. ਦੇ ਅਧੀਨ ਸਨ ਪਰ ਕੁਝ ਸਮੇਂ ਪਹਿਲਾਂ ਡੇਰਾ ਅਤੇ ਐੱਸ.ਜੀ.ਪੀ.ਸੀ. ਕੋਰਟ ਜਾ ਰਹੇ ਸਨ। ਡੇਰੇ ਨੇ ਹਾਈ ਕੋਰਟ ਤੋਂ ਕੇਸ ਜਿੱਤ ਲਿਆ ਹੈ। ਇਸ ਮਗਰੋਂ ਡੇਰੇ ਦੇ ਮਹੰਤ ਬਾਬਾ ਪਿਆਰਾ ਸਿੰਘ ਨੇ ਦੁਕਾਨਦਾਰਾਂ ਨਾਲ ਗੱਲਬਾਤ ਕਰਕੇ ਉਨ੍ਹਾਂ

ਨੂੰ ਇਸ ਬਾਰੇ ਭਰੋਸਾ ਦਿੱਤਾ। ਇਸ ਤੋਂ ਬਾਅਦ ਸਾਰੇ ਦੁਕਾਨਦਾਰਾਂ ਨੇ ਡੇਰੇ ਦੇ ਮਹੰਤ ਪਿਆਰਾ ਸਿੰਘ ਨੂੰ ਦੁਕਾਨਾਂ ਦਾ ਕਿਰਾਇਆ ਦੇਣਾ ਸ਼ੁਰੂ ਕਰ ਦਿੱਤਾ। ਉਨ੍ਹਾਂ ਕਿਹਾ ਕਿ ਐੱਸ. ਜੀ. ਪੀ. ਸੀ. ਨੇ ਡਰਾਉਣ ਅਤੇ ਧਮਕਾਉਣ ਦੀ ਨੀਤੀ ਦੇ ਤਹਿਤ ਦੁਕਾਨਦਾਰ ਯੂਨੀਅਨ ਪ੍ਰਧਾਨ ‘ਤੇ ਹਮਲਾ ਕੀਤਾ ਹੈ। ਇਸ ਤੋਂ ਬਾਅਦ ਸਾਰੇ ਦੁਕਾਨਦਾਰਾਂ ਨੇ ਇਕੱਠੇ ਹੋ ਕੇ ਇਸਦਾ ਵਿਰੋਧ ਕੀਤਾ। ਉਨ੍ਹਾਂ ਕਿਹਾ ਕਿ ਅੱਜ ਐਸ.ਜੀ.ਪੀ.ਸੀ. ਨੇ ਉਨ੍ਹਾਂ ਦੀਆਂ ਦੁਕਾਨਾਂ ਦੀ ਤੋੜਭੰਨ ਕੀਤੀ ਹੈ। ਸਾਡੀਆਂ ਦੁਕਾਨਾਂ ਵਿਚ ਲੱਖਾਂ ਦਾ ਸਮਾਨ ਹੈ। ਐੱਸ.ਜੀ.ਪੀ.ਸੀ. ਦੀ ਇਹ ਧੱਕਾ-ਸ਼ਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਉਹ ਇਸ ਦਾ ਵਿਰੋਧ ਕਰਨਗੇ। ਉਨ੍ਹਾਂ ਪ੍ਰਸ਼ਾਸਨ ਤੋਂ ਐੱਸ. ਜੀ. ਪੀ. ਸੀ. ਮੁਲਾਜਮਾਂ ਖ?ਿਲਾਫ ਸਖਤ ਕਾਰਵਾਈ ਦੀ ਮੰਗ ਕੀਤੀ। ਇਸ ਮੌਕੇ ਮਹੰਤ ਪਿਆਰਾ ਸਿੰਘ ਨੇ ਕਿਹਾ ਕਿ ਐੱਸ.ਜੀ.ਪੀ.ਸੀ. ਦੁਕਾਨਦਾਰਾਂ ਨਾਲ ਧੱਕਾ ਕਰ ਰਹੀ ਹੈ। ਇਹ ਦੁਕਾਨਾਂ ਡੇਰਾ ਬਾਬਾ ਗਾਂਧਾ ਸਿੰਘ ਦੀਆਂ ਹਨ। ਅੱਜ ਐੱਸ.ਜੀ.ਪੀ.ਸੀ. ਮੈਨੇਜਰ 200 ਲੋਕਾਂ ਨੂੰ ਤਲਵਾਰਾਂ ਅਤੇ ਡੰਡਿਆਂ ਨਾਲ ਲੈ ਕੇ ਆ ਗਏ ਅਤੇ ਦੁਕਾਨਦਾਰਾਂ ਨਾਲ ਧੱਕਾ ਕੀਤਾ ਗਿਆ ਹੈ। ਦੁਕਾਨਦਾਰਾਂ ਨੂੰ ਦੁਕਾਨਾਂ ਤੋਂ ਬਾਹਰ ਕਰ ਦਿੱਤਾ ਗਿਆ। ਦੁਕਾਨਾਂ ਵਿਚ ਤੋੜਭੰਨ ਕੀਤੀ ਗਈ। ਉਨ੍ਹਾਂ ਕਿਹਾ ਕਿ ਇਸ ਗੁੰਡਾਗਰਦੀ ਦਾ ਹੱਕ ਕਿਸੇ ਨੂੰ ਨਹੀਂ ਹੈ। ਜੇ ਕਿਸੇ ਨੂੰ ਕੋਈ ਇਤਰਾਜ਼ ਹੈ, ਤਾਂ ਉਹ ਅਦਾਲਤ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ 15 ਦਸੰਬਰ 2023 ਨੂੰ ਸੁਪਰੀਮ ਕੋਰਟ ਨੇ ਇਸ ਮਾਲਕਾਨੇ ਹੱਕ ਨੂੰ ਲੈ ਕੇ ਐੱਸ.ਜੀ.ਪੀ.ਸੀ. ਦਾ ਕੇਸ ਰੱਦ ਕਰ ਦਿੱਤਾ ਸੀ। ਇਸ ਸਬੰਧੀ ਡੀ.ਐੱਸ.ਪੀ. ਬਰਨਾਲਾ ਸਤਵੀਰ ਸਿੰਘ ਨੇ ਕਿਹਾ ਕਿ ਬਰਨਾਲਾ ਬੱਸ ਸਟੈਂਡ ਦੇ ਆਸ-ਪਾਸ ਕਈ ਦੁਕਾਨਾਂ ਹਨ। ਇਨ੍ਹਾਂ ਦੁਕਾਨਾਂ ਦੀ ਮਲਕੀਅਤ ਨੂੰ ਲੈ ਕੇ ਡੇਰਾ ਬਾਬਾ ਗਾਂਧਾ ਸਿੰਘ ਅਤੇ ਐੱਸ.ਜੀ.ਪੀ.ਸੀ. ਵਿਚਕਾਰ ਵਿਵਾਦ ਚੱਲ ਰਿਹਾ ਹੈ। ਇਹ ਮਾਮਲਾ ਅਦਾਲਤ ਵਿਚ ਸੀ। ਉਨ੍ਹਾਂ ਕਿਹਾ ਕਿ ਇਹ ਦੁਕਾਨਾਂ ਐੱਸ.ਜੀ.ਪੀ.ਸੀ. ਨੇ ਕੁਝ ਦੁਕਾਨਦਾਰਾਂ ਨੂੰ ਦਿੱਤੀਆਂ ਸਨ ਪਰ ਹੁਣ ਕੁਝ ਦੁਕਾਨਦਾਰਾਂ ਨੇ ਐੱਸ.ਜੀ.ਪੀ.ਸੀ. ਨੂੰ ਕਿਰਾਇਆ ਨਹੀਂ ਦਿੱਤਾ ਹੈ। ਐੱਸ.ਜੀ.ਪੀ.ਸੀ. ਮੁਤਾਬਕ, ਉਨ੍ਹਾਂ ਨੇ ਲੀਜ ਦੀਆਂ ਸ਼ਰਤਾਂ ਅਨੁਸਾਰ ਕੰਮ ਕੀਤਾ ਹੈ। ਉਥੇ ਹੀ ਦੁਕਾਨਦਾਰ ਐੱਸ.ਜੀ.ਪੀ.ਸੀ. ਦੀ ਕਾਰਵਾਈ ਦਾ ਵਿਰੋਧ ਕਰ ਰਹੇ ਹਨ। ਪ੍ਰਸ਼ਾਸਨ ਦੋਵੇਂ ਪੱਖਾਂ ਨਾਲ ਗੱਲਬਾਤ ਕਰ ਰਿਹਾ ਹੈ। ਦੋਵੇਂ ਨੂੰ ਬਿਠਾ ਕੇ ਮਾਮਲਾ ਸੁਲਝਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਜੇਕਰ ਦੁਕਾਨਦਾਰਾਂ ਨਾਲ ਕੋਈ ਧੱਕਾ-ਮੁੱਕੀ ਹੁੰਦੀ ਹੈ ਤਾਂ ਪੁਲਸ ਕਾਰਵਾਈ ਕਰੇਗੀ।

ਜਲੰਧਰ ਵਿਖੇ ਬਿਲਡਿੰਗ ਦੀ ਨਾਜਾਇਜ ਕਾਲੋਨੀ ’ਚ ਜਾਅਲੀ ਐੱਨ. ਓ. ਸੀ. ਮਾਮਲੇ ਦੀ ਪੁਲਸ ਜਾਂਚ ਸ਼ੁਰੂ

ਏਜੰਸੀਆਂ

ਜਲੰਧਰ 15 ਸਤੰਬਰ। ਜਲੰਧਰ ਸੈਂਟਰਲ ਵਿਧਾਨ ਸਭਾ ਹਲਕੇ ਤਹਿਤ ਪਿੰਡ ਬਡਿੰਗ ਵਿਚ ਜੰਞਘਰ ਨੇੜੇ ਫਿਰਨੀ ’ਤੇ ਕੱਟੀ ਗਈ ਨਾਜਾਇਜ ਕਾਲੋਨੀ ਦੇ ਕੁਝ ਪਲਾਟਾਂ ਦੀ ਜਾਅਲੀ ਐੱਨ. ਓ. ਸੀ. ਪਾਏ ਜਾਣ ਸਬੰਧੀ ਮਾਮਲੇ ਦੀ ਜਾਂਚ ਨਗਰ ਨਿਗਮ ਕਮਿਸ਼ਨਰ ਨੇ ਪੁਲਸ ਨੂੰ ਰੈਫਰ ਕਰ ਦਿੱਤੀ ਸੀ, ਜਿਸ ਦੇ ਆਧਾਰ ’ਤੇ ਜਲੰਧਰ ਪੁਲਸ ਦੇ ਏ. ਸੀ. ਪੀ. (ਸਪੈਸ਼ਲ ਬ੍ਰਾਂਚ ਐਂਡ ਕ੍ਰਿਮੀਨਲ ਇੰਟੈਲੀਜੈਂਸ) ਨੇ ਇਸ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਜਾਂਚ ਦੇ ਪਹਿਲੇ ਪੜਾਅ ਵਿਚ ਏ. ਸੀ. ਪੀ. ਨੇ ਜਲੰਧਰ ਨਿਗਮ ਦੇ ਅਧਿਕਾਰੀਆਂ ਨੂੰ ਚਿੱਠੀ ਲਿਖ ਕੇ ਜਾਅਲੀ ਐੱਨ. ਓ. ਸੀ. ਸਬੰਧੀ ਕੁਝ ਦਸਤਾਵੇਜ ਅਤੇ ਸਪੱਸ਼ਟੀਕਰਨ ਮੰਗੇ ਹਨ, ਜਿਨ੍ਹਾਂ ਦਾ ਜਵਾਬ ਨਿਗਮ ਨੇ ਪੁਲਸ ਅਧਿਕਾਰੀਆਂ ਨੂੰ ਭੇਜ ਦਿੱਤਾ ਹੈ। ਏ. ਸੀ. ਪੀ. ਨੇ ਨਿਗਮ ਨੂੰ ਉਕਤ ਕਾਲੋਨੀ ਵਿਚ ਪਾਸ ਹੋਏ ਨਕਸ਼ਿਆਂ ਸਬੰਧੀ ਤੱਥ ਭੇਜਣ ਨੂੰ ਕਿਹਾ ਸੀ, ਜਿਸ ਦੇ ਆਧਾਰ ’ਤੇ ਨਿਗਮ ਅਧਿਕਾਰੀਆਂ ਨੇ ਪੁਲਸ ਅਧਿਕਾਰੀਆਂ ਨੂੰ ਦੱਸਿਆ ਕਿ ਉਕਤ ਨਕਸ਼ਿਆਂ ਸਬੰਧੀ ਦਸਤਾਵੇਜ ਈ-ਨਕਸ਼ਾ ਪੋਰਟਲ ਜਰੀਏ ਆਨਲਾਈਨ ਅਪਲਾਈ ਕੀਤੇ ਗਏ, ਜਿਸ ਦੌਰਾਨ ਜਾਅਲੀ ਐੱਨ. ਓ. ਸੀ. ਲਾਈ ਗਈ ਪਰ ਬਿਲਡਿੰਗ ਬਾਇਲਾਜ ਦੇ ਮੁਤਾਬਕ ਜਾਂਚ ਤੋਂ ਬਾਅਦ ਇਨ੍ਹਾਂ ਨਕਸ਼ਿਆਂ ਨੂੰ ਬਿਲਡਿੰਗ ਵਿਭਾਗ ਦੇ ਅਧਿਕਾਰੀਆਂ ਵੱਲੋਂ ਪਾਸ ਕਰ ਦਿੱਤਾ ਗਿਆ। ਏ. ਸੀ. ਪੀ. ਨੇ ਨਿਗਮ ਅਧਿਕਾਰੀਆਂ ਤੋਂ ਪੁੱਛਿਆ ਕਿ ਕਿਸ ਆਧਾਰ ’ਤੇ ਐੱਨ. ਓ. ਸੀ. ਨੂੰ ਜਾਅਲੀ ਦੱਸਿਆ ਜਾ ਰਿਹਾ ਹੈ। ਇਸ ਸਬੰਧ ਵਿਚ ਨਿਗਮ ਅਧਿਕਾਰੀਆਂ ਦਾ ਕਹਿਣਾ ਹੈ ਕਿ ਟਾਊਨ

ਪਲਾਨਿੰਗ ਵਿਭਾਗ ਦੇ ਈ-ਨਕਸ਼ਾ ਪੋਰਟਲ ਦੀ ਇਕ ਹੈਲਪ ਡੈਸਕ ਬਣੀ ਹੋਈ ਹੈ, ਜਿਸ ਨੂੰ 2 ਅਗਸਤ ਨੂੰ ਇਕ ਈਮੇਲ ਭੇਜ ਕੇ 3 ਐੱਨ. ਓ. ਸੀ. ਬਾਰੇ ਜਾਣਕਾਰੀ ਜੁਟਾਈ ਗਈ ਸੀ। ਹੈਲਪ ਡੈਸਕ ਦੇ ਜਵਾਬ ਦੇ ਮੁਤਾਬਕ ਉਨ੍ਹਾਂ ਵਿਚੋਂ ਇਕ ਸਮਾਣਾ ਸ਼ਹਿਰ ਦੀ, ਦੂਜੀ ਅੰਮ੍ਰਿਤਸਰ ਅਤੇ ਤੀਜੀ ਐੱਨ. ਓ. ਸੀ. ਅਜੇ ਆਰਕੀਟੈਕਟ ਕੋਲ ਹੀ ਪੈਂਡਿੰਗ ਦੱਸੀ ਜਾ ਰਹੀ ਸੀ, ਜਿਸ ਤੋਂ ਸਪੱਸ਼ਟ ਹੋ ਗਿਆ ਕਿ ਤਿੰਨੋਂ ਐੱਨ. ਓ. ਸੀ. ਹੀ ਜਾਅਲੀ ਸਨ। ਪੁਲਸ ਅਧਿਕਾਰੀ ਨੇ ਨਿਗਮ ਨੂੰ ਲਿਖੀ ਚਿੱਠੀ ਵਿਚ ਇਹ ਵੀ ਪੁੱਛਿਆ ਹੈ ਕਿ ਮਨੋਜ ਕੁਮਾਰ ਮੰਧੋਤਰਾ ਪੁੱਤਰ ਕ੍ਰਿਸ਼ਨ ਦੇਵ ਨਿਵਾਸੀ 15 ਬਡਿੰਗ ਸਟੇਡੀਅਮ, ਗੋਲਡਨ ਕਾਲੋਨੀ ਫੇਜ-1 ਅਤੇ ਹਰਜਿੰਦਰ ਕੌਰ ਪਤਨੀ ਰਣਜੋਧ ਸਿੰਘ ਨਿਵਾਸੀ ਪਿੰਡ ਰਹਿਮਾਨਪੁਰ ਨੇ ਉਕਤ ਕਾਲੋਨੀ ਦੇ ਪਲਾਟਾਂ ਦੀ ਐੱਨ. ਓ. ਸੀ. ਲਈ ਨਿਗਮ ਆਫਿਸ ਵਿਚ ਅਪਲਾਈ ਕੀਤਾ ਸੀ ਜਾਂ ਨਹੀਂ ਅਤੇ ਕੋਈ ਫੀਸ ਜਮ੍ਹਾ ਕਰਵਾਈ ਗਈ ਸੀ ਜਾਂ ਨਹੀਂ, ਇਸ ਦੇ ਉੱਤਰ ਵਿਚ ਨਿਗਮ ਅਧਿਕਾਰੀਆਂ ਨੇ ਸਪੱਸ਼ਟ ਲਿਖਿਆ ਹੈ ਕਿ ਇਸ ਬਾਰੇ ਆਨਲਾਈਨ ਕੋਈ ਵੀ ਰਿਕਾਰਡ ਮੌਜੂਦ ਨਹੀਂ ਹੈ। ਮੰਨਿਆ ਜਾ ਰਿਹਾ ਹੈ ਕਿ ਨਿਗਮ ਵੱਲੋਂ ਭੇਜੇ ਗਏ ਜਵਾਬ ਦੇ ਆਧਾਰ ’ਤੇ ਹੁਣ ਜਲੰਧਰ ਪੁਲਸ ਦੇ ਅਧਿਕਾਰੀ ਜਾਅਲੀ ਐੱਨ. ਓ. ਸੀ. ਮਾਮਲੇ ਦਾ ਜਲਦੀ ਪਰਦਾਫਾਸ਼ ਕਰ ਸਕਦੇ ਹਨ। ਕਿਹਾ ਜਾ ਰਿਹਾ ਹੈ ਕਿ ਜੇਕਰ ਪਿੰਡ ਬਡਿੰਗ ਵਿਚ ਕੱਟੀ ਗਈ ਇਸ ਕਾਲੋਨੀ ਵਿਚ ਜਾਅਲੀ ਐੱਨ. ਓ. ਸੀ. ਨਾਲ ਸਬੰਧਤ ਮਾਮਲੇ ਫੜੇ ਜਾਂਦੇ ਹਨ ਤਾਂ ਕਈ ਹੋਰ ਕਈ ਕਾਲੋਨੀਆਂ ਦੇ ਪਲਾਟਾਂ ਦੇ ਨਕਸ਼ੇ ਵੀ ਇਸੇ ਆਧਾਰ ’ਤੇ ਪਾਸ ਹੋਏ ਹੋਣਗੇ, ਜਿਨ੍ਹਾਂ ਦੀ ਜਾਂਚ ਦੀ ਵੀ ਮੰਗ ਉੱਠ ਰਹੀ ਹੈ।

ਹੁਣ ਪਟਿਆਲਾ ਦੇ ਰਾਜਿੰਦਰਾ ਹਸਪਤਾਲ ‘ਚ ਮਹਿਲਾ ਡਾਕਟਰ ਨਾਲ ਹੋਈ ਗੰਦੀ ਕਰਤੂਤ

ਪਟਿਆਲਾ 15 ਸਤੰਬਰ। ਕੋਲਕਾਤਾ ਦੇ ਆਰ.ਜੀ. ਕਰ ਹਸਪਤਾਲ ‘ਚ ਮਹਿਲਾ ਡਾਕਟਰ ਨਾਲ ਹੋਏ ਜਬਰ-ਜਨਾਹ ਤੇ ਕਤਲ ਦਾ ਮਾਮਲਾ ਹਾਲੇ ਠੰਡਾ ਨਹੀਂ ਹੋਇਆ ਕਿ ਦੇਸ਼ ‘ਚ ਅਜਿਹੀਆਂ ਘਟਨਾਵਾਂ ਰੁਕਣ ਦਾ ਨਾਂ ਨਹੀਂ ਲੈ ਰਹੀਆਂ। ਤਾਜਾ ਮਾਮਲਾ ਪਟਿਆਲਾ ਦੇ ਸਰਕਾਰੀ ਰਾਜਿੰਦਰਾ ਹਸਪਤਾਲ ਤੋਂ ਸਾਹਮਣੇ ਆਇਆ ਹੈ, ਜਿੱਥੇ ਲੇਬਰ ਰੂਮ ‘ਚ ਤਾਇਨਾਤ ਇਕ ਮਹਿਲਾ ਡਾਕਟਰ ਨਾਲ ਇਕ ਈ.ਸੀ.ਜੀ. ਟੈਕਨੀਸ਼ੀਅਨ ਨੇ ਛੇੜਛਾੜ ਕੀਤੀ ਹੈ। ਇਸ ਮਾਮਲੇ ‘ਚ ਹਸਪਤਾਲ ਦੀ ਰੈਜੀਡੈਂਟ ਡਾਕਟਰ ਐਸੋਸੀਏਸ਼ਨ ਵੱਲੋਂ ਕਾਲਜ ਦੇ ਡਾਇਰੈਕਟਰ ਪ੍ਰਿੰਸੀਪਲ ਨੂੰ ਲਿਖੇ ਪੱਤਰ ‘ਚ ਦੱਸਿਆ ਗਿਆ ਕਿ ਉਕਤ ਮਹਿਲਾ ਡਾਕਟਰ 12 ਸਤੰਬਰ ਦੀ ਰਾਤ ਨੂੰ ਲੇਬਰ ਰੂਮ ‘ਚ ਡਿਊਟੀ ’ਤੇ ਸੀ ਤਾਂ ਇਕ ਈ.ਸੀ.ਜੀ. ਟੈਕਨੀਸ਼ੀਅਨ ਨੇ ਉਸ ਨੂੰ ਇਤਰਾਜਯੋਗ ਢੰਗ ਨਾਲ ਛੂਹਿਆ। ਇਸ ਮਹਿਲਾ ਡਾਕਟਰ ਨੇ ਮਾਮਲੇ ਦੀ ਲਿਖਤੀ ਸ਼ਿਕਾਇਤ ਦਰਜ ਕਰਵਾਈ ਹੈ। ਰੈਜੀਡੈਂਟ ਡਾਕਟਰ ਐਸੋਸੀਏਸ਼ਨ ਰਾਜਿੰਦਰਾ ਹਸਪਤਾਲ ਇਕਾਈ ਦੇ ਪ੍ਰਧਾਨ ਡਾ. ਅਕਸ਼ੈ ਸੇਠ, ਮੀਤ ਪ੍ਰਧਾਨ ਡਾ. ਰਮਨਦੀਪ ਸਿੰਘ, ਮੀਤ ਪ੍ਰਧਾਨ ਡਾ. ਨ੍ਰਿਪ ਜਿੰਦਲ ਅਤੇ ਜਨਰਲ ਸਕੱਤਰ ਡਾ. ਮਿਲਨ ਪ੍ਰੀਤ ਨੇ ਡਾਇਰੈਕਟਰ ਪ੍ਰਿੰਸੀਪਲ ਨੂੰ ਪੱਤਰ ਲਿਖ ਕੇ ਜਿਥੇ ਮੁਲਜਮ ਖਿਲਾਫ ਸਖਤ ਕਾਰਵਾਈ ਦੀ ਮੰਗ ਕੀਤੀ ਹੈ, ਉਥੇ ਨਾਲ ਹੀ ਕਿਹਾ